
FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE
THE LINK GROUP 1973 2024
WEEKLY NEWSPAPER
VOL. : 12 ISSUE : 11 SATURDAY, 16 March, 2024
www.punjablinkpaper.com 604-503-5465

ਰੇਡੀਓ ਪੰਜਾਬ
ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਕਿਸਾਨਾਂ ਵੱਲੋਂ ਮਹਾਂਪੰਚਾਇਤ ਦੌਰਾਨ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਦਾ ਐਲਾਨ

ਨਵੀਂ ਦਿੱਲੀ-ਇਥੋਂ ਦੇ ਰਾਮਲੀਲਾ ਮੈਦਾਨ ਵਿੱਚ ਅੱਜ ਦੇਸ਼ ਦੇ 18 ਰਾਜਾਂ ਤੋਂ ਆਏ ਹਜ਼ਾਰਾਂ ਦੀ ਗਿਣਤੀ 'ਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ 'ਕਿਸਾਨ-ਮਜ਼ਦੂਰ ਮਹਾਂਪੰਚਾਇਤ' ਵਿੱਚ ਹਿੱਸਾ ਲਿਆ ਜਿੱਥੇ ਖੇਤੀ ਖੇਤਰ ਨਾਲ ਸਬੰਧਤ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਵਿਰੋਧ ਤਿੱਖਾ ਕਰਨ ਤੇ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਸੰਘਰਸ਼ ਜਾਰੀ ਰੱਖਣ ਦਾ ਮਤਾ ਪਾਸ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਤਿੰਨ ਵਿਵਾਦਤ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੋਂ ਬਾਅਦ 2021 'ਚ ਦਿੱਲੀ ਦੀਆਂ ਹੱਦਾਂ 'ਤੇ ਅੰਦੋਲਨ ਖਤਮ ਹੋਣ ਮਗਰੋਂ ਕੌਮੀ ਰਾਜਧਾਨੀ 'ਚ ਕਿਸਾਨਾਂ ਦਾ ਇਹ ਸਭ ਤੋਂ ਵੱਡਾ ਇਕੱਠ ਦੱਸਿਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਨੇ ਖੇਤੀ, ਖ਼ੁਰਾਕ ਸੁਰੱਖਿਆ, ਜ਼ਮੀਨ ਤੇ ਲੋਕਾਂ ਦੀ ਰੋਜ਼ੀ-ਰੋਟੀ ਬਚਾਉਣ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਅਹਿਦ ਲਿਆ। ਮਤੇ ਅਨੁਸਾਰ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਨ੍ਹਾਂ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਆਪਣਾ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਆਗੂਆਂ ਨੇ ਲਖੀਮਪੁਰ ਖੀਰੀ ਤੋਂ ਅਜੈ ਮਿਸ਼ਰਾ ਟੈਨੀ ਨੂੰ ਟਿਕਟ ਦੇਣ ਦੇ ਵਿਰੋਧ ਵਿੱਚ ਸਾਰੇ ਪਿੰਡਾਂ ਵਿੱਚ 23 ਮਾਰਚ ਨੂੰ 'ਪੈਸੇ ਅਤੇ ਸ਼ਕਤੀ ਦੇ ਖਤਰੇ ਤੋਂ ਲੋਕਤੰਤਰ ਬਚਾਓ ਦਿਵਸ' ਮਨਾਉਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਪੰਜਾਬ ਦੀ ਖਨੌਰੀ ਹੱਦ 'ਤੇ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਘਟਨਾ ਦੀ ਜਾਂਚ ਦੀ ਵੀ ਮੰਗ ਕੀਤੀ।



ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਕੇਸ਼ ਟਿਕੈਤ ਨੇ ਪੱਤਰਕਾਰਾਂ ਨੂੰ ਕਿਹਾ, 'ਅਸੀਂ ਇੱਥੇ ਮੀਟਿੰਗ ਕਰਕੇ ਸਰਕਾਰ ਨੂੰ ਸੁਨੇਹਾ ਦਿੱਤਾ ਹੈ ਕਿ ਦੇਸ਼ ਦੇ ਕਿਸਾਨ ਇਕਜੁੱਟ ਹਨ। ਸਰਕਾਰ ਨੂੰ ਮਸਲੇ ਹੱਲ ਕਰਨ ਲਈ ਸਾਡੇ ਨਾਲ ਗੱਲ ਕਰਨੀ ਚਾਹੀਦੀ ਹੈ। ਇਹ ਅੰਦੋਲਨ ਖਤਮ ਨਹੀਂ ਹੋਣ ਵਾਲਾ ਅਤੇ ਇਹ ਜਲਦੀ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਫੈਲ ਜਾਵੇਗਾ।' ਉਨ੍ਹਾਂ ਕਿਹਾ, 'ਸਰਕਾਰ ਕਿਸਾਨਾਂ ਨੂੰ ਮਜ਼ਦੂਰ ਬਣਾ ਕੇ ਦੇਸ਼ ਨੂੰ ਤਬਾਹ ਕਰਨਾ ਚਾਹੁੰਦੀ ਹੈ।' ਉਨ੍ਹਾਂ ਕਿਹਾ, 'ਉਨ੍ਹਾਂ ਬਿਹਾਰ 'ਚ ਪਹਿਲਾਂ ਹੀ ਮੰਡੀ ਸਿਸਟਮ ਖਤਮ ਕਰ ਦਿੱਤਾ ਹੈ ਅਤੇ ਹੁਣ ਦੇਸ਼ ਭਰ 'ਚ ਅਜਿਹਾ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਉਹ ਕਿਸਾਨਾਂ ਨੂੰ ਮਜ਼ਦੂਰ ਬਣਾਉਣਾ ਚਾਹੁੰਦੇ ਹਨ।' ਉਨ੍ਹਾਂ ਕਿਹਾ ਕਿ ਸਰਕਾਰ ਵੱਖ ਵੱਖ ਕਿਸਾਨ ਜਥੇਬੰਦੀਆਂ ਬਣਾ ਕੇ ਕਿਸਾਨਾਂ ਦੀ ਏਕਤਾ ਨੂੰ ਤੋੜਨਾ ਚਾਹੁੰਦੀ ਹੈ। ਉਨ੍ਹਾਂ ਦੋਸ਼ ਲਾਇਆ, 'ਉਹ ਸਾਨੂੰ ਜਾਤੀ, ਧਰਮ, ਖੇਤਰਵਾਦ ਤੇ ਭਾਸ਼ਾ ਦੇ ਆਧਾਰ 'ਤੇ ਵੰਡਣਾ ਚਾਹੁੰਦੇ ਹਨ।' ਰਾਕੇਸ਼ ਟਿਕੈਤ ਨੇ ਕਿਹਾ ਕਿ ਸਰਕਾਰ ਸਿੱਖਾਂ ਨੂੰ ਬਦਨਾਮ ਕਰਨਾ ਚਾਹੁੰਦੀ ਹੈ ਤੇ ਉਹ ਕਿਸਾਨਾਂ ਵਿੱਚ ਵੰਡੀਆਂ ਪਾ ਸਕਦੀ ਹੈ। ਇਸੇ ਕਰਕੇ ਇਸ ਸਰਕਾਰ ਨੂੰ ਕਿਸੇ ਪਾਰਟੀ ਦੀ ਸਰਕਾਰ ਨਹੀਂ ਸਗੋਂ ਪੂੰਜੀਪਤੀਆਂ ਦੀ ਸਰਕਾਰ ਕਹਿਣਾ ਬਿਹਤਰ ਹੋਵੇਗਾ।

(ਬਾਕੀ ਸਫ਼ਾ 9 'ਤੇ)

## ਆਮ ਆਦਮੀ ਪਾਰਟੀ ਨੇ ਪੰਜਾਬ 'ਚ ਲੋਕ ਸਭਾ ਚੋਣਾਂ ਲਈ 8 ਉਮੀਦਵਾਰ ਐਲਾਨੇ, 5 ਮੰਤਰੀ ਮੈਦਾਨ 'ਚ

ਚੰਡੀਗੜ੍ਹ-ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ ਅੱਠ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਮੌਜੂਦਾ ਪੰਜ ਕੈਬਿਨਟ ਮੰਤਰੀਆਂ ਨੂੰ ਚੋਣ ਮੈਦਾਨ ਵਿੱਚ ਉਤਾਰ ਦਿੱਤਾ ਹੈ। ਆਪ ਵੱਲੋਂ ਜਾਰੀ ਲਿਸਟ ਅਨੁਸਾਰ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਫ਼ਤਹਿਗੜ੍ਹ ਸਾਹਿਬ ਤੋਂ ਗੁਰਪ੍ਰੀਤ ਸਿੰਘ ਜੀਪੀ, ਫਰੀਦਕੋਟ ਤੋਂ ਕਰਮਜੀਤ ਅਨਮੋਲ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਅਤੇ ਪਟਿਆਲਾ ਤੋਂ ਡਾ. ਬਲਬੀਰ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।


ਕੁਲਦੀਪ ਸਿੰਘ ਧਾਲੀਵਾਲ ਅੰਮ੍ਰਿਤਸਰ


ਲਾਲਜੀਤ ਸਿੰਘ ਭੁੱਲਰ ਖਡੂਰ ਸਾਹਿਬ


ਸੁਸ਼ੀਲ ਕੁਮਾਰ ਰਿੰਕੂ ਜਲੰਧਰ


ਗੁਰਪ੍ਰੀਤ ਸਿੰਘ ਜੀਪੀ ਫ਼ਤਹਿਗੜ੍ਹ ਸਾਹਿਬ


ਕਰਮਜੀਤ ਅਨਮੋਲ ਫਰੀਦਕੋਟ


ਗੁਰਮੀਤ ਸਿੰਘ ਖੁੱਡੀਆਂ ਬਠਿੰਡਾ


ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ


ਡਾ. ਬਲਬੀਰ ਸਿੰਘ ਪਟਿਆਲਾ

## ਡਿਬਰੂਗੜ੍ਹ ਜੇਲ੍ਹ 'ਚ ਭਾਈ ਅੰਮ੍ਰਿਤਪਾਲ ਸਿੰਘ ਦੀ ਤਬੀਅਤ ਹੋਈ ਖਰਾਬ

ਬਰਨਾਲਾ-ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਤਬੀਅਤ ਨਾਸਾਜ਼ ਹੈ। ਉਸ ਦੀ ਕਿਸੇ ਵੀ ਸਮੇਂ ਮੌਤ ਹੋ ਸਕਦੀ ਹੈ। ਇਹ ਦਾਅਵਾ ਅੰਮ੍ਰਿਤਪਾਲ ਸਿੰਘ ਦੇ ਵਕੀਲ ਅਤੇ ਬੁਲਾਰੇ ਸੀਨੀਅਰ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਭਾਈ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ ਉਨ੍ਹਾਂ ਨੂੰ ਮਿਲਣ ਲਈ ਡਿਬਰੂਗੜ੍ਹ ਜੇਲ੍ਹ ਗਈ ਸੀ ਜਿਥੇ ਉਸ ਦੇ ਪਤੀ ਨੂੰ ਖ਼ੂਨ ਦੀ ਉਲਟੀ ਹੋਈ ਸੀ। ਉਹ ਬਹੁਤ ਕਮਜ਼ੋਰ ਹਨ। ਉਹ ਹਾਲ ਦੀ ਘੜੀ ਭੁੱਖ ਹੜਤਾਲ 'ਤੇ ਹਨ। ਉਨ੍ਹਾਂ ਦੀ ਮੰਗ ਹੈ ਕਿ ਉਸ ਨੂੰ ਇੱਥੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾਵੇ। ਐਡਵੋਕੇਟ ਖਾਲਸਾ ਨੇ ਦਾਅਵਾ ਕੀਤਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਉਸ ਨੂੰ ਕਾਨੂੰਨੀ ਤੌਰ 'ਤੇ ਆਪਣਾ ਲੀਗਲ ਐਡਵਾਈਜ਼ਰ ਤੇ ਬੁਲਾਰਾ ਨਿਯੁਕਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਇੱਕ ਕਾਪੀ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਵੀ ਭੇਜੀ ਹੈ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸੀਬੀਸੀ ਦੀ ਨਿੱਝਰ ਦੇ ਕਤਲ ਬਾਰੇ ਡਾਕੂਮੈਂਟਰੀ 'ਚੋਂ ਕੰਸਰਵੇਟਿਵ ਵਿਰੋਧੀ ਪੱਖਪਾਤ ਤੇ ਭਾਰਤ ਦਾ ਨਿਰਾਦਰ ਦੀ ਗੰਧ

ਸਰੀ-ਸੀਬੀਸੀ ਦੀ ਨਿੱਝਰ ਦੇ ਕਤਲ ਬਾਰੇ ਡਾਕੂਮੈਂਟਰੀ ਵਿਚੋਂ ਕੰਸਰਵੇਟਿਵ ਵਿਰੋਧੀ ਪੱਖਪਾਤ ਅਤੇ ਭਾਰਤ ਦੇ ਨਿਰਾਦਰ ਦੀ ਗੰਧ ਆ ਰਹੀ ਹੈ। ਰੇਡੀਓ ਇੰਡੀਆ ਲਿਮਟਿਡ ਦੇ ਐਮਡੀ ਮਨਿੰਦਰ ਗਿੱਲ ਕੈਨੇਡੀਅਨ ਬਰੌਡਕਾਸਟਿੰਗ ਦੇ ਪ੍ਰਧਾਨ ਕੈਥਰੀਨ ਟੇਟ ਨੂੰ ਇਕ ਪੱਤਰ ਲਿਖ ਕੇ ਕਿਹਾ ਕਿ ਸੀਬੀਸੀ ਨੇ ਕੈਨੇਡਾ ਵਿਚ ਭਾਰਤ ਸਰਕਾਰ ਵਲੋਂ ਸਿੱਖ ਕਾਰਕੁਨਾਂ ਨੂੰ ਮਾਰਨ ਦੀ ਕਥਿਤ ਸਾਜਿਸ਼ ਸਬੰਧੀ ਇਕ ਡਾਕੂਮੈਂਟਰੀ ਪ੍ਰਸਾਰਤ ਕੀਤੀ ਹੈ। ਇਹ ਡਾਕੂਮੈਂਟਰੀ ਸੀਬੀਸੀ ਦੇ ਪੱਤਰਕਾਰੀ ਦੇ ਮਿਆਰਾਂ ਵਾਂਗ ਪੱਖਪਾਤੀ ਹੈ ਅਤੇ ਇਹ ਸਿਰਫ ਵਿਰੋਧੀ ਧਿਰ ਦੇ ਨੇਤਾ ਪੀਅਰ ਪੋਲੀਵਰ ਦਾ ਨੁਕਸਾਨ ਕਰਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਦਨਾਮ ਕਰਨ ਲਈ ਤਿਆਰ ਕੀਤਾ ਪ੍ਰਚਾਰ ਵੀਡੀਓ ਹੈ। ਡਾਕੂਮੈਂਟਰੀ ਸ਼ੁਰੂ ਤੋਂ ਹੀ ਆਪਣੇ ਅਸਲ ਇਰਾਦੇ ਤੋਂ ਭਟਕ ਜਾਂਦੀ ਹੈ। ਅਖੌਤੀ ਚਸ਼ਮਦੀਦ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਉਸ ਨੇ ਪੈਦਲ ਹੀ ਹਰਦੀਪ ਸਿੰਘ ਨਿੱਝਰ ਦੇ ਸ਼ੂਟਰਾਂ ਦਾ ਪਿੱਛਾ ਕੀਤਾ ਸੀ ਕਹਿੰਦਾ ਹੈ ਕਿ ਗੋਲੀਬਾਰੀ ਕਰਨ ਵਾਲਿਆਂ ਦੀਆਂ ਅੱਖਾਂ ਭਾਰਤੀਆਂ ਵਰਗੀਆਂ ਲਗਦੀਆਂ ਸਨ। ਗਵਾਹ ਇਹ ਵੀ ਸਵੀਕਾਰ ਕਰਦਾ ਹੈ ਕਿ ਗੋਲੀਬਾਰੀ ਕਰਨ ਵਾਲਿਆਂ ਨੇ ਕਾਲੇ ਕੱਪੜੇ ਪਹਿਨੇ ਹੋਏ ਸਨ ਅਤੇ ਚਿਹਰੇ ਮਾਸਕ ਨਾਲ ਢੱਕੇ ਹੋਏ ਸਨ, ਹੁਣ ਸ਼ਾਇਦ ਸੀਬੀਸੀ ਅਗਲੀ ਡਾਕੂਮੈਂਟਰੀ ਮਾਨਵ ਜਾਤੀ ਵਿਗਿਆਨ (ਐਂਥਰੋਪੋਲੋਜੀ) ਸਬੰਧੀ ਬਣਾ ਦੇਵੇ ਜਿਸ ਵਿਚ ਉਹ ਦੱਸਣਗੇ ਕਿ ਕਿਸੇ ਨਸਲੀ ਗਰੁੱਪ ਦੀਆਂ ਅੱਖਾਂ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਇਕ ਭਾਰਤੀ ਦੀਆਂ ਅੱਖਾਂ ਕਿਸ ਤਰ੍ਹਾਂ ਦੀਆਂ ਹੁੰਦੀਆਂ ਹਨ। ਆਖਰ ਵਿਚ ਗਿੱਲ ਨੇ ਲਿਖਿਆ ਕਿ ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੀ ਹਿੰਸਕ ਮੌਤ ਨੂੰ ਕੋਈ ਵੀ ਸਵੀਕਾਰ ਨਹੀਂ ਕਰਦਾ। ਅਸੀਂ ਹਰਦੀਪ ਨਿੱਝਰ ਦੇ ਦੁਖੀ ਪਰਿਵਾਰ ਨਾਲ ਖੜੇ ਹਾਂ। ਇਹ ਬਹੁਤ ਅਹਿਮ ਹੈ ਕਿ ਹਰਦੀਪ ਨਿੱਝਰ ਦੇ ਕਾਤਲ ਫੜੇ ਜਾਣ ਅਤੇ ਇਸ ਘਿਨਾਉਣੇ ਜੁਰਮ ਲਈ ਸਖਤ ਸਜ਼ਾ ਦਾ ਸਾਹਮਣਾ ਕਰਨ, ਪਰ ਮੀਡੀਆ ਨੂੰ ਇਕ ਰਾਜਸੀ ਪਾਰਟੀ ਦਾ ਹੱਥਠੋਕਾ ਬਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।









# ਸਰੀ ਹਸਪਤਾਲ ਵਿਚ ਸਟਾਫ ਦੀ ਘਾਟ ਕਾਰਨ 6 ਘੰਟੇ ਤਕ ਨਹੀਂ ਉਪਲਬਧ ਹੋਇਆ ਸੀਟੀ ਸਕੈਨਰ

ਸਰੀ-ਸਥਾਨਕ ਹਸਪਤਾਲ ਵਿਖੇ ਸਟਾਫ ਦੀ ਘਾਟ ਕਾਰਨ 6 ਘੰਟੇ ਤਕ ਮਰੀਜ਼ਾਂ ਨੂੰ ਸੀਟੀ ਸਕੈਨਰ ਦੀਆਂ ਸੇਵਾਵਾਂ ਉਪਲਬਧ ਨਹੀਂ ਹੋ ਸਕੀਆਂ। ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਹ ਵੱਡੀ ਚਿੰਤਾ ਵਾਲੀ ਗੱਲ ਹੈ ਕਿ ਪਿਛਲੇ ਵੀਕਐਂਡ 'ਤੇ ਸਟਾਫ ਦੀ ਘਾਟ ਕਾਰਨ 6 ਘੰਟੇ ਸਿਟੀ ਸਕੈਨਰ ਉਪਲਬਧ ਨਹੀਂ ਹੋਇਆ। ਇਹ ਡਰਾਉਣੀ ਗੱਲ ਹੈ ਕਿ ਸਿਟੀ ਸਕੈਨਰ ਲੰਬਾ ਸਮਾਂ ਉਪਲਬਧ ਨਹੀਂ ਹੋਇਆ ਜਿਥੇ ਸਾਡੇ ਕੋਲ ਇਕੋ ਇਕ ਵੱਡਾ ਹਸਪਤਾਲ ਹੈ। ਇਹ ਚੰਗੀ ਗੱਲ ਨਹੀਂ। ਸਰੀ ਮੈਮੋਰੀਅਲ ਹਸਪਤਾਲ ਦੇ ਸਾਈਟ ਮੈਡੀਕਲ ਡਾਇਰੈਕਟਰ ਡਾਕਟਰ ਮੈਰੀਏਟਾ ਵੈਨ ਡੇਂਗ ਬਰਗ ਨੇ ਦੱਸਿਆ ਕਿ ਅੱਧੀ ਰਾਤ ਤੋਂ ਸਵੇਰੇ 6 ਵਜੇ ਤੱਕ 6 ਘੰਟਿਆਂ ਦੌਰਾਨ ਹਸਪਤਾਲ ਡਿਵਰਸ਼ਨ 'ਤੇ ਸੀ। ਇਸ ਦਾ ਮਤਲਬ ਜੇਕਰ ਕਿਸੇ ਮਰੀਜ਼ ਨੂੰ ਤੁਰੰਤ ਸੀਟੀ ਸਕੈਨ ਦੀ ਲੋੜ ਪੈਂਦੀ ਤਾਂ ਉਸ ਨੂੰ ਰਾਇਲ ਕੋਲੰਬੀਅਨ ਹਸਪਤਾਲ ਭੇਜਿਆ ਜਾਣਾ ਸੀ। ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਜੇਕਰ ਆਈਸੀਯੂ ਵਿਚ ਭਰਤੀ ਮਰੀਜ਼ ਨੂੰ ਤਬਦੀਲ ਕਰਨ ਦੀ ਲੋੜ ਪੈਂਦੀ ਫਿਰ ਕੀ ਹੁੰਦਾ। ਵੈਨ ਡੇਂਗ ਬਰਗ ਨੇ ਕਿਹਾ ਕਿ ਰੱਬ ਦਾ ਸ਼ੁਕਰ ਹੈ ਕਿ ਸਾਡੇ ਕੋਲ ਇਸ ਤਰ੍ਹਾਂ ਦਾ ਮਰੀਜ਼ ਨਹੀਂ ਜਿਸ ਨੂੰ ਤਬਦੀਲ ਕੀਤੇ ਜਾਣ ਦੀ ਲੋੜ ਪੈਂਦੀ। ਜਦੋਂ ਤੋਂ ਵੈਨ ਡੇਂਗ ਬਰਗ ਨੇ ਆਪਣੀ ਭੂਮਿਕਾ ਸੰਭਾਲੀ ਹੈ ਇਹ ਦੂਸਰਾ ਮੌਕਾ ਹੈ ਜਦੋਂ ਸੀਟੀ ਸਕੈਨ ਸਟਾਫ ਦੀ ਘਾਟ ਕਾਰਨ ਮਰੀਜ਼ਾਂ ਲਈ ਉਪਲਬਧ ਨਹੀਂ ਸੀ। ਪਿਛਲੀ ਵਾਰ ਜਦੋਂ ਉਸ ਨੇ ਨਵੰਬਰ 2023 ਵਿਚ ਕੰਮ ਕਰਨਾ ਸ਼ੁਰੂ ਕੀਤਾ ਸੀ ਤਾਂ ਉਸ ਤੋਂ ਕੁਝ ਦਿਨ ਬਾਅਦ ਇਸ ਤਰ੍ਹਾਂ ਹੋਇਆ ਸੀ।












# ਮਹਾਰਾਣੀ ਪ੍ਰਨੀਤ ਕੌਰ ਭਾਜਪਾ 'ਚ ਸ਼ਾਮਲ

ਨਵੀਂ ਦਿੱਲੀ-ਲੋਕ ਸਭਾ ਸੰਸਦ ਮੈਂਬਰ ਅਤੇ ਮੁਅੱਤਲ ਕਾਂਗਰਸ ਨੇਤਾ ਪ੍ਰਨੀਤ ਕੌਰ ਅੱਜ ਇੱਥੇ ਭਾਜਪਾ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਪੰਜਾਬ ਦੇ ਪਟਿਆਲਾ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕੇ ਅਤੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੂੰ ਪਿਛਲੇ ਸਾਲ ਫਰਵਰੀ ਵਿੱਚ ਉਨ੍ਹਾਂ ਦੇ ਪਤੀ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਤੁਰੰਤ ਬਾਅਦ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਕਾਂਗਰਸ ਨੇ ਮੁਅੱਤਲ ਕਰ ਦਿੱਤਾ ਸੀ। ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਹਾਈਕਮਾਂਡ ਨੂੰ ਸ਼ਿਕਾਇਤ ਭੇਜ ਕੇ ਪ੍ਰਨੀਤ ਕੌਰ ਖ਼ਿਲਾਫ਼ ਭਾਜਪਾ ਦੀ ਮਦਦ ਲਈ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਭਾਜਪਾ ਨੇਤਾਵਾਂ ਨਾਲ ਇੱਥੇ ਪਾਰਟੀ ਹੈੱਡਕੁਆਰਟਰ 'ਤੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਨੀਤ ਕੌਰ ਨੇ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਖ਼ੁਸ਼ੀ ਜ਼ਾਹਿਰ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਜੇਪੀ ਨੱਢਾ ਅਤੇ ਪੂਰੇ ਭਾਜਪਾ ਪਰਿਵਾਰ ਦਾ ਉਨ੍ਹਾਂ ਨੂੰ ਪਾਰਟੀ ਲਈ ਕੰਮ ਕਰਨ ਦਾ ਮੌਕਾ ਦੇਣ ਬਦਲੇ ਧੰਨਵਾਦ ਕੀਤਾ। ਮੋਦੀ ਦੀ ਅਗਵਾਈ ਦੀ ਸ਼ਲਾਘਾ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਉਨ੍ਹਾਂ ਭਾਜਪਾ ਦੀਆਂ ਨੀਤੀਆਂ ਅਤੇ ਸਰਕਾਰ ਦੇ ਪਿਛਲੇ 10 ਸਾਲਾਂ ਦੇ ਕੰਮਾਂ ਨੂੰ ਦੇਖਦਿਆਂ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ, "ਮੈਨੂੰ ਪੂਰਾ ਭਰੋਸਾ ਹੈ ਕਿ ਸਾਡੇ ਬੱਚਿਆਂ ਦਾ ਭਵਿੱਖ ਅਤੇ ਸਾਡਾ ਦੇਸ਼ ਉਨ੍ਹਾਂ (ਮੋਦੀ) ਦੀ ਅਗਵਾਈ ਅਤੇ ਨੀਤੀਆਂ ਨਾਲ ਸੁਰੱਖਿਅਤ ਰਹੇਗਾ।" ਇਸ ਮੌਕੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਦੇ ਇੰਚਾਰਜ ਵਿਜੈ ਰੁਪਾਨੀ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਵਿਨੋਦ ਤਾਵੜੇ, ਤਰੁਣ ਚੁੱਘ ਅਤੇ ਹੋਰਾਂ ਸਣੇ ਸੀਨੀਅਰ ਆਗੂ ਮੌਜੂਦ ਸਨ। ਇਸ ਉਪਰੰਤ ਪ੍ਰਨੀਤ ਕੌਰ ਨੇ ਇੱਥੇ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਉਨ੍ਹਾਂ ਨਾਲ ਉਨ੍ਹਾਂ ਦੀ ਧੀ ਅਤੇ ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈਇੰਦਰ ਕੌਰ ਅਤੇ ਪੰਜਾਬ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਮਨੀਸ਼ਾ ਗੁਲਾਟੀ ਵੀ ਮੌਜੂਦ ਸਨ।



## ਗੱਲਬਾਤ ਨਾਕਾਮ ਰਹਿਣ ਪਿੱਛੋਂ ਐਡਮਿੰਟਨ ਸ਼ਹਿਰੀ ਵਰਕਰ ਹੜਤਾਲ 'ਤੇ ਬਜ਼ਿਦ




ਐਡਮਿੰਟਨ-ਲਗਦਾ ਹੈ ਕਿ ਵਰਕਰਾਂ ਦੇ ਯੂਨੀਅਨ ਦੇ ਮੁੱਖੀ ਅਤੇ ਸ਼ਹਿਰ ਦੇ ਮੇਅਰ ਵਿਚਕਾਰ ਅਸਫਲ ਮੀਟਿੰਗ ਪਿੱਛੋਂ 5000 ਤੋਂ ਵੀ ਵੱਧ ਐਡਮਿੰਟਨ ਸ਼ਹਿਰੀ ਵਰਕਰ ਹੜਤਾਲ ਕਰਨ 'ਤੇ ਤੁਲੇ ਹੋਏ ਹਨ। ਸਿਵਲ ਸਰਵਿਸ ਯੂਨੀਅਨ ਦੇ ਪ੍ਰਧਾਨ ਲੈਨੀ ਚੁਜ਼ਿਕ ਨੇ ਦੱਸਿਆ ਕਿ ਉਨ੍ਹਾਂ ਦੀ ਮੇਅਰ ਅਮਰਜੀਤ ਸੋਹੀ ਨਾਲ ਗੱਲਬਾਤ ਅਸਫਲ ਰਹੀ ਹੈ। ਐਡਮਿੰਟਨ ਦੀਆਂ ਜਨਤਕ ਲਾਇਬਰੇਰੀਆਂ ਨੇ ਹਜ਼ਾਰਾਂ ਸ਼ਹਿਰੀ ਵਰਕਰਾਂ ਵਲੋਂ ਹੜਤਾਲ ਲਈ ਦਿੱਤੀ ਸਮੇਂ ਦੀ ਹੱਦ ਨੇੜੇ ਆਉਣ ਕਾਰਨ ਪੇਸ਼ਗੀ ਵਿਚ ਬੰਦ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਸ਼ਾਖਾਵਾਂ ਦੀ ਆਪਣੇ ਦਰਵਾਜ਼ੇ ਉਸੇ ਸਮੇਂ ਸਵੇਰੇ 11 ਵਜੇ ਬੰਦ ਕਰਨ ਦੀ ਯੋਜਨਾ ਹੈ ਜਦੋਂ ਸਿਵਿਕ ਸਰਵਿਸ ਯੂਨੀਅਨ ਦੇ 5200 ਮੈਂਬਰਾਂ ਦਾ ਇਕਰਾਰਨਾਮੇ ਦੀ ਸਮਝੌਤਾ ਗੱਲਬਾਤ ਨੂੰ ਲੈ ਕੇ ਹੜਤਾਲ ਸ਼ੁਰੂ ਕਰਨ ਦਾ ਪ੍ਰੋਗਰਾਮ ਹੈ। ਸੰਭਾਵਤ ਹੜਤਾਲ ਵਿਚ ਲਾਇਬਰੇਰੀ ਸਟਾਫ ਤੋਂ ਇਲਾਵਾ ਐਡਮਿੰਟਨ ਪੁਲਿਸ ਸਰਵਿਸ ਦਾ ਪ੍ਰਸ਼ਾਸਕੀ ਸਟਾਫ ਅਤੇ ਸ਼ਹਿਰ ਦੀ ਮਿਊਂਸਪਲ ਸਰਕਾਰ ਸ਼ਾਮਿਲ ਹੈ। ਜਿਹੜੇ ਹੜਤਾਲ ਦੀ ਤਿਆਰੀ ਕਰ ਰਹੇ ਹਨ ਉਨ੍ਹਾਂ ਵਿਚ 911 ਆਪਰੇਟਰਜ਼ ਤੇ ਉਹ ਵਰਕਰ ਵੀ ਸ਼ਾਮਿਲ ਹਨ ਜਿਹੜੇ ਅਪਰਾਧਿਕ ਰਿਕਾਰਡ ਦੀ ਜਾਂਚ ਅਤੇ ਅਗਨੀ ਸ਼ਾਸਤਰੀ ਦੇ ਨਵੀਨੀਕਰਨ ਦਾ ਕੰਮ ਕਰਦੇ ਹਨ। ਚੁਜ਼ਿਕ ਨੇ ਕਿਹਾ ਕਿ ਸਿਟੀ ਸਮਝੌਤਾ ਗੱਲਬਾਤ ਕਰਨ ਲਈ ਤਿਆਰ ਨਹੀਂ ਹੈ। ਯੂਨੀਅਨ ਦਾ 2020 ਤੋਂ ਕੋਈ ਇਕਰਾਰਨਾਮਾ ਨਹੀਂ ਹੋਇਆ ਅਤੇ ਉਹ ਤਿੰਨ ਸਾਲ ਦੇ ਸਮਝੌਤੇ ਦੀ ਭਾਲ ਵਿਚ ਹੈ ਜਿਸ ਵਿਚ ਪੰਜ ਫ਼ੀਸਦੀ ਵਾਧੇ ਨਾਲ 2023 ਤਕ ਦਾ ਕਸਾਰਾ ਪੂਰਾ ਹੋਵੇ। ਸ਼ਹਿਰ ਦਾ ਕਹਿਣਾ ਕਿ ਸਰਵਿਸ ਦਾ ਅਸਰ ਪੈਣ ਦੀ ਸੰਭਾਵਨਾ ਹੈ ਪਰ ਫਾਇਰ, ਬਚਾਅ, ਟਰਾਂਜ਼ਿਟ, ਉਸਾਰੀ, ਬਰਫ ਹਟਾਉਣ ਅਤੇ ਰਹਿੰਦ ਖੂੰਹਦ ਇਕੱਤਰ ਕਰਨ ਦੀਆਂ ਸੇਵਾਵਾਂ ਲਗਾਤਾਰ ਜਾਰੀ ਰਹਿਣਗੀਆਂ। ਸਿਟੀ ਦੇ ਮੈਨਜਰ ਐਂਦਰੇ ਕੋਰਬੋਲਡ ਨੇ ਕਿਹਾ ਕਿ ਅਸੀਂ ਲੇਬਰ ਦੇ ਵਿਘਨ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ ਅਤੇ ਸੇਵਾਵਾਂ ਵਿਚ ਵਿਘਨ ਨੂੰ ਘੱਟ ਤੋਂ ਘੱਟ ਕਰਨ ਲਈ ਹੰਗਾਮੀ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839



# ਬੀਬੀ ਜਾਗੀਰ ਕੌਰ ਦੀ ਅਕਾਲੀ ਦਲ 'ਚ ਵਾਪਸੀ

ਭੁਲੱਥ-ਕਥਿਤ ਤੌਰ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਲਈ ਪਾਰਟੀ 'ਚੋਂ ਕੱਢੇ ਜਾਣ ਤੋਂ ਤਕਰੀਬਨ 15 ਮਹੀਨੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ ਅੱਜ ਮੁੜ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਸ਼੍ਰੋਮਣੀ ਅਕਾਲੀ ਦਲ 'ਚ ਮੁੜ ਸ਼ਾਮਲ ਹੋਣ ਮਗਰੋਂ ਬੀਬੀ ਜਾਗੀਰ ਕੌਰ ਨੇ ਕਿਹਾ ਕਿ ਉਹ ਜਨਮ ਤੋਂ ਹੀ ਅਕਾਲੀ ਹੈ। ਉਨ੍ਹਾਂ ਕਿਹਾ, 'ਉਹ ਅਕਾਲੀ ਸੀ ਅਤੇ ਹਮੇਸ਼ਾ ਅਕਾਲੀ ਹੀ ਰਹੇਗੀ।' ਉਨ੍ਹਾਂ ਕਿਹਾ ਕਿ ਉਹ ਪੰਥ ਦੀ ਭਲਾਈ ਲਈ ਅਤੇ ਸ਼੍ਰੋਮਣੀ ਕਮੇਟੀ ਦੀ ਮਜ਼ਬੂਤੀ ਲਈ ਕੰਮ ਕਰਨਾ ਜਾਰੀ ਰੱਖਣਗੇ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ, 'ਬੀਬੀ ਜੀ ਨਾਲ ਮੇਰੇ ਰਿਸ਼ਤੇ ਹਮੇਸ਼ਾ ਪਰਿਵਾਰ ਵਾਲੇ ਰਹੇ ਹਨ।' ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ ਵੀ ਉਨ੍ਹਾਂ ਨੂੰ ਪਾਰਟੀ ਵਿੱਚ ਦੁਬਾਰਾ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਬੀਬੀ ਜਾਗੀਰ ਕੌਰ ਦਾ



ਪਾਰਟੀ 'ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਸ੍ਰੀ ਬਾਦਲ ਨੇ ਅਲੱਗ-ਥਲੱਗ ਪਏ ਸਾਰੇ ਅਕਾਲੀਆਂ ਨੂੰ ਪਾਰਟੀ 'ਚ ਵਾਪਸ ਆਉਣ ਦੀ ਵੀ ਅਪੀਲ ਕੀਤੀ। ਸੁਖਬੀਰ ਬਾਦਲ ਕਿਹਾ ਕਿ ਅਕਾਲੀ ਦਲ ਵਰਗੀ ਸੋਚ ਰੱਖਣ ਵਾਲੀਆਂ ਪਾਰਟੀਆਂ ਜੋ ਪੰਜਾਬ ਨੂੰ ਬਚਾਉਣ ਲਈ ਉਨ੍ਹਾਂ ਨਾਲ ਹੱਥ ਮਿਲਾ ਸਕਦੀਆਂ ਹਨ, ਉਨ੍ਹਾਂ ਦਾ ਸਵਾਗਤ ਹੈ ਪਰ ਉਹ ਕਾਂਗਰਸ ਅਤੇ 'ਆਪ' ਨਾਲ ਨਹੀਂ ਜਾ ਸਕਦੇ। ਭਾਜਪਾ ਨਾਲ ਗੱਠਜੋੜ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਾਰੀਆਂ 13 ਸੀਟਾਂ ਲਈ ਤਿਆਰੀ ਕਰ ਰਹੀ ਹੈ। ਉਨ੍ਹਾਂ ਕਿਹਾ, □ਇਸ ਸਮੇਂ ਕੋਈ ਗੱਠਜੋੜ ਨਹੀਂ ਹੈ।□ ਇਸ ਮੌਕੇ ਪਾਰਟੀ ਆਗੂ ਦਲਜੀਤ ਸਿੰਘ ਚੀਮਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸ਼ਰਨਜੀਤ ਸਿੰਘ ਢਿੱਲੋਂ, ਸੁਰਜੀਤ ਸਿੰਘ ਰੱਖੜਾ, ਅਕਾਲੀ ਦਲ ਦੇ ਭੁਲੱਥ ਸਰਕਲ ਦੇ ਸੁਖਵੰਤ ਸਿੰਘ ਤੱਖਰ, ਦਲਜੀਤ ਸਿੰਘ ਚੀਮਾ ਕਾਲਾ ਬਾਗੜੀਆਂ ਤੇ ਸੁਰਜੀਤ ਸਿੰਘ ਟਾਡੀ ਵੀ ਹਾਜ਼ਰ ਸਨ।

## ਡਾਊਨਟਾਊਨ ਟੋਰਾਂਟੋ ਵਿਚ ਗੋਲੀਬਾਰੀ-ਦੋ ਵਿਅਕਤੀ ਮਰੇ, ਇਕ ਜ਼ਖ਼ਮੀ

ਟੋਰਾਂਟੋ-ਸ਼ਹਿਰ ਦੇ ਡਾਊਨ ਟਾਊਨ ਇਲਾਕੇ ਵਿਚ ਦਿਨ ਦਿਹਾੜੇ ਗੋਲੀਬਾਰੀ ਦੌਰਾਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਕ ਔਰਤ ਜ਼ਖ਼ਮੀ ਹੋ ਗਈ। ਇਸ ਸਬੰਧ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਤੁਰ ਕੇ ਪਿੱਛਾ ਕਰ ਰਹੇ ਦੋ ਅਫਸਰ ਵੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਅਧਿਕਾਰੀਆਂ ਨੂੰ ਦੁਪਹਿਰ 1.30 ਵਜੇ ਡੁੰਡਾਸ ਸਟਰੀਟ ਅਤੇ ਪਾਰਲੀਮੈਂਟ ਸਟਰੀਟ ਵਿਖੇ ਗੋਲੀਬਾਰੀ ਦੀ ਖ਼ਬਰ ਮਿਲੀ ਸੀ। ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੂਸਰੇ ਨੇ ਹਸਪਤਾਲ ਵਿਚ ਦਮ ਤੋੜ ਦਿੱਤਾ। ਜ਼ਖ਼ਮੀ ਔਰਤ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿਰ ਬਣੀ ਹੋਈ ਹੈ। ਪੁਲਿਸ ਅਫਸਰਾਂ ਨੇ ਇਕ ਅਗਨੀ ਸ਼ਾਸਤਰ ਵੀ ਬਰਾਮਦ ਕੀਤਾ ਹੈ।

## ਗੁਰੂ ਨਾਨਕ ਦਾ ਪ੍ਰਕਾਸ਼ ਦਿਹਾੜਾ ਤੇ ਖਾਲਸਾ ਸੰਪੂਰਨਾ ਦਿਵਸ 6 ਅਪ੍ਰੈਲ ਨੂੰ

ਸਰੀ-ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ ਵਲੋਂ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸਾ ਸੰਪੂਰਨ ਦਿਵਸ (ਵਿਸਾਖੀ) ਦੇ ਸਬੰਧ ਵਿਚ ਇਕ ਵਿਸ਼ੇਸ਼ ਸਮਾਗਮ 6 ਅਪ੍ਰੈਲ 2024 ਨੂੰ ਸਵੇਰੇ 10 ਵਜੇ ਤੋਂ ਦੁਪਹਿਰ ਤਿੰਨ ਵਜੇ ਤਕ 8388-128 ਸਟਰੀਟ ਸਰੀ, ਬੀਸੀ (ਗਰੈਂਡ ਤਾਜ ਬੈਂਕੁਇਟ ਹਾਲ) ਵਿਖੇ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

## ਵੈਲ੍ਹੀ ਵਿਚ ਸ਼ੱਕੀ ਅੱਗ ਨਾਲ ਕਈ ਪਰਿਵਾਰਾਂ ਦਾ ਘਰ ਸੜਿਆ

ਸਰੀ-ਵੈਲ੍ਹੀ ਵਿਚ ਇਕ ਸ਼ੱਕੀ ਅੱਗ ਨਾਲ ਦੋ ਮੰਜ਼ਿਲਾ ਇਮਾਰਤ ਸੜ ਗਈ ਜਿਸ ਵਿਚ ਕਈ ਪਰਿਵਾਰ ਰਹਿ ਰਹੇ ਸਨ। ਇਹ ਮਕਾਨ ਸਰੀ ਸਿਟੀ ਹਾਲ ਦੇ ਨੇੜੇ 13390 103ਵੀਂ ਐਵੀਨਿਊ ਵਿਖੇ ਸਥਿਤ ਸੀ। ਮੌਕੇ 'ਤੇ ਗਏ ਇਕ ਫ੍ਰੀਲਾਂਸ ਪੱਤਰਕਾਰ ਨੇ ਦੱਸਿਆ ਕਿ ਅੱਗ ਲੱਗਣ ਨਾਲ ਬਹੁਤ ਸਾਰੇ ਲੋਕ ਬੇਘਰ ਹੋ ਗਏ ਹਨ। ਅੱਗ ਬੁਝਾਊ ਅਮਲੇ ਨੇ ਮੌਕੇ 'ਤੇ ਪੁੱਜ ਕੇ 30 ਮਿੰਟਾਂ ਵਿਚ ਅੱਗ 'ਤੇ ਕਾਬੂ ਪਾਇਆ। ਸਰੀ ਆਰਸੀਐਮਪੀ ਨੇ ਅੱਗ ਨੂੰ ਸ਼ੱਕੀ ਦੱਸਿਆ ਹੈ ਅਤੇ ਕਿਹਾ ਕਿ ਇਸ ਵਿਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ। ਸਰੀ ਆਰਸੀਐਮਪੀ ਦੀ ਜਨਰਲ ਇਨਵੈਸਟੀਗੇਸ਼ਨ ਯੂਨਿਟ ਨੇ ਸਰੀ ਫਾਇਰ ਇੰਸਪੈਕਟਰ ਦੇ ਨਾਲ ਮਿਲ ਕੇ ਜਾਂਚ ਕੀਤੀ ਹੈ ਅਤੇ ਅੱਗ ਦੇ ਕਾਰਨ ਨੂੰ ਸ਼ੱਕੀ ਮੰਨਿਆਂ ਹੈ। ਪੁਲਿਸ ਨੇ ਇਸ ਸਬੰਧ ਵਿਚ ਕਿਸੇ ਨੂੰ ਜਾਣਕਾਰੀ ਹੋਣ 'ਤੇ ਉਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ।








# ਸਾਬਕਾ ਅਧਿਕਾਰੀ ਸੁਖਬੀਰ ਸੰਧੂ ਅਤੇ ਗਿਆਨੇਸ਼ ਕੁਮਾਰ ਨਵੇਂ ਚੋਣ ਕਮਿਸ਼ਨਰ ਬਣੇ

ਨਵੀਂ ਦਿੱਲੀ-ਸਾਬਕਾ ਅਧਿਕਾਰੀ ਸੁਖਬੀਰ ਸਿੰਘ ਸੰਧੂ ਅਤੇ ਗਿਆਨੇਸ਼ ਕੁਮਾਰ ਦੇਸ਼ ਦੇ ਨਵੇਂ ਚੋਣ ਕਮਿਸ਼ਨਰ ਨਿਯੁਕਤ ਕੀਤੇ ਗਏ ਹਨ। ਕਾਨੂੰਨ ਮੰਤਰਾਲੇ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਇਨ੍ਹਾਂ ਨਿਯੁਕਤੀਆਂ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਚੋਣ ਕਮੇਟੀ ਨੇ ਉਨ੍ਹਾਂ ਦੇ ਨਾਵਾਂ ਦੀ ਸਿਫਾਰਿਸ਼ ਕਰਨ ਲਈ ਅੱਜ ਮੀਟਿੰਗ ਕੀਤੀ ਸੀ। ਅਨੂਪ ਚੰਦਰ ਪਾਂਡੇ ਦੇ 14 ਫਰਵਰੀ ਨੂੰ ਰਿਟਾਇਰ ਹੋਣ ਅਤੇ 8 ਮਾਰਚ ਨੂੰ ਅਰੁਣ ਗੋਇਲ ਵੱਲੋਂ ਅਚਾਨਕ ਅਸਤੀਫ਼ਾ ਦਿੱਤੇ ਜਾਣ ਕਾਰਨ ਚੋਣ ਕਮਿਸ਼ਨ 'ਚ ਇਹ ਅਹੁਦੇ ਖਾਲੀ ਹੋਏ ਸਨ। ਚੋਣ ਕਮਿਸ਼ਨ ਦੀ ਅਗਵਾਈ ਰਾਜੀਵ ਕੁਮਾਰ ਕਰ ਰਹੇ ਹਨ। ਇਸ ਤੋਂ ਪਹਿਲਾਂ ਲੋਕ ਸਭਾ 'ਚ ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕਮੇਟੀ ਨੇ ਦੋਹਾਂ ਦੇ ਨਾਵਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਉਂਜ ਕਮੇਟੀ 'ਚ ਅਧੀਰ ਰੰਜਨ ਚੌਧਰੀ ਵੀ ਸ਼ਾਮਲ ਸਨ ਅਤੇ ਉਨ੍ਹਾਂ ਅਸਹਿਮਤੀ ਨੋਟ ਦਿੰਦਿਆਂ ਚੋਣ ਅਮਲ 'ਤੇ ਸਵਾਲ ਚੁੱਕੇ ਸਨ। ਕਾਂਗਰਸ ਆਗੂ ਨੇ ਕਿਹਾ ਕਿ ਉਨ੍ਹਾਂ ਚੋਣ ਕਮਿਸ਼ਨ 'ਚ ਦੋਵੇਂ ਅਹੁਦਿਆਂ ਲਈ ਛਾਂਟੀ ਕੀਤੇ ਗਏ ਉਮੀਦਵਾਰਾਂ ਦੇ ਨਾਮ ਮੰਗੇ ਸਨ ਪਰ ਕਮੇਟੀ ਦੀ ਮੀਟਿੰਗ ਤੋਂ ਇਕ ਰਾਤ ਪਹਿਲਾਂ ਉਨ੍ਹਾਂ ਨੂੰ 212 ਨਾਮ ਦੇ ਦਿੱਤੇ ਗਏ ਜਿਨ੍ਹਾਂ ਦੀ ਮਾਨਵੀ ਤੌਰ 'ਤੇ ਪੜਤਾਲ ਕਰਨਾ ਸੰਭਵ ਨਹੀਂ ਸੀ। ਮੀਟਿੰਗ ਖ਼ਤਮ ਹੋਣ ਮਗਰੋਂ ਆਪਣੀ ਰਿਹਾਇਸ਼ 'ਤੇ ਚੌਧਰੀ ਨੇ ਕਿਹਾ ਕਿ ਦੋ ਚੋਣ ਕਮਿਸ਼ਨਰਾਂ ਨੂੰ ਚੁਣਨ ਲਈ ਕਮੇਟੀ ਕੋਲ ਛੇ ਨਾਮ ਆਏ ਅਤੇ ਸੰਧੂ





ਤੇ ਕੁਮਾਰ ਦੇ ਪੱਖ 'ਚ ਉੱਚ ਤਾਕਤੀ ਕਮੇਟੀ ਦੇ ਜ਼ਿਆਦਾਤਰ ਮੈਂਬਰਾਂ ਨੇ ਫ਼ੈਸਲਾ ਕੀਤਾ। ਛਾਂਟੀ ਕੀਤੇ ਗਏ ਛੇ ਨਾਵਾਂ 'ਚ ਉਤਪਲ ਕੁਮਾਰ ਸਿੰਘ, ਪ੍ਰਦੀਪ ਕੁਮਾਰ ਤ੍ਰਿਪਾਠੀ, ਗਿਆਨੇਸ਼ ਕੁਮਾਰ, ਇੰਦੀਵਰ ਪਾਂਡੇ, ਸੁਖਬੀਰ ਸਿੰਘ ਸੰਧੂ ਅਤੇ ਸੁਧੀਰ ਕੁਮਾਰ ਗੰਗਾਧਰ ਰਹਾਤੇ ਸ਼ਾਮਲ ਸਨ। ਚੋਣ ਕਮੇਟੀ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰਦੇ ਹਨ ਜਦਕਿ ਮੈਂਬਰ ਵਜੋਂ ਨਾਮਜ਼ਦ ਇਕ ਕੇਂਦਰੀ ਮੰਤਰੀ-ਗ੍ਰਹਿ ਮੰਤਰੀ ਅਮਿਤ ਸ਼ਾਹ-ਅਤੇ ਲੋਕ ਸਭਾ 'ਚ ਸਭ ਤੋਂ ਵੱਡੀ ਵਿਰੋਧੀ ਧਿਰ ਦਾ ਆਗੂ ਸ਼ਾਮਲ ਹੁੰਦਾ ਹੈ। ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਉਨ੍ਹਾਂ ਨੂੰ ਨਾਮਜ਼ਦ ਕੀਤੇ ਗਏ ਵਿਅਕਤੀਆਂ ਦੇ ਪਿਛੋਕੜ, ਤਜਰਬੇ ਤੇ ਇਮਾਨ ਬਾਰੇ ਜਾਣਕਾਰੀ ਨਹੀਂ ਸੀ ਅਤੇ ਪ੍ਰਕਿਰਿਆ 'ਚ ਖਾਮੀਆਂ ਉਨ੍ਹਾਂ ਨੂੰ ਪਸੰਦ ਨਹੀਂ ਆਈਆਂ ਪਰ ਫਿਰ ਵੀ ਨਿਯੁਕਤੀਆਂ ਕੀਤੀਆਂ ਗਈਆਂ ਹਨ। ਕਾਂਗਰਸ ਆਗੂ ਚੌਧਰੀ ਨੇ ਕਿਹਾ,"ਮੈਂ ਆਪਣਾ ਅਸਹਿਮਤੀ ਨੋਟ ਦਿੱਤਾ ਹੈ ਕਿਉਂਕਿ ਮੇਰੇ ਕੋਲ 212 ਨਾਮ ਸਨ ਅਤੇ ਸਰਕਾਰ ਵੱਲੋਂ ਸਿਰਫ਼ ਛੇ ਨਾਮ ਦਾ ਹੀ ਪ੍ਰਸਤਾਵ ਸੀ। ਮੈਂ ਸਹਿਮਤ ਨਹੀਂ ਸੀ" ਉਨ੍ਹਾਂ ਦਾਅਵਾ ਕੀਤਾ ਕਿ ਚੋਣ ਕਮਿਸ਼ਨ 'ਚ ਸਿਖਰਲੇ ਅਹੁਦਿਆਂ 'ਤੇ ਤਾਇਨਾਤ ਹੋਣ ਵਾਲੇ ਉਮੀਦਵਾਰਾਂ ਦੇ ਨਾਮ ਮਹਿਜ਼ 10 ਮਿੰਟ ਪਹਿਲਾਂ ਦੱਸੇ ਗਏ। ਚੌਧਰੀ ਨੇ ਕਿਹਾ ਕਿ ਇਹ ਅਮਲ ਸਿਰਫ਼ ਰਸਮੀ ਸੀ, 'ਮੈਂ ਉਨ੍ਹਾਂ ਦੀ ਨਿਯੁਕਤੀ ਦਾ ਵਿਰੋਧ ਕੀਤਾ। ਮੈਨੂੰ ਸਿਰਫ਼ ਰਸਮੀ ਤੌਰ 'ਤੇ ਸੱਦਿਆ ਗਿਆ ਸੀ। ਜੇਕਰ ਚੀਫ਼ ਜਸਟਿਸ ਹੁੰਦੇ ਤਾਂ ਹਾਲਾਤ ਵੱਖ ਹੋ ਸਕਦੇ ਸਨ। ਮੈਂ ਖੁਦ ਕਿਸੇ ਦਾ ਨਾਮ ਨਹੀਂ ਲਿਆ ਅਤੇ ਸਿਰਫ਼ ਪ੍ਰਕਿਰਿਆ ਦਾ ਮੁੱਦਾ ਚੁੱਕਿਆ' ਉਨ੍ਹਾਂ ਕਿਹਾ ਕਿ ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਕਿ ਕਾਨੂੰਨ ਮੰਤਰੀ ਦੀ ਅਗਵਾਈ ਹੇਠਲੀ ਖੋਜ ਕਮੇਟੀ ਕੋਲ ਆਏ 200 ਤੋਂ ਵੱਧ ਨਾਵਾਂ 'ਚੋਂ ਛੇ ਨੂੰ ਕਿਸ ਆਧਾਰ 'ਤੇ ਚੁਣਿਆ ਗਿਆ। ਮੀਟਿੰਗ ਦੌਰਾਨ ਸਰਚ ਕਮੇਟੀ ਦੇ ਮੁਖੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਵਿਅਕਤੀਆਂ ਦੇ ਨਾਮ ਚੁਣੇ ਜਿਨ੍ਹਾਂ ਨੂੰ ਉਹ ਚਾਹੁੰਦੀ ਸੀ। ਚੌਧਰੀ ਨੇ ਕਿਹਾ ਕਿ ਉਹ ਮੀਟਿੰਗ 'ਚ ਇਸ ਲਈ ਸ਼ਾਮਲ ਹੋਏ ਕਿਉਂਕਿ ਸਾਰਿਆਂ ਨੂੰ ਜਾਪਦਾ ਹੈ ਕਿ ਚੋਣ ਕਮਿਸ਼ਨਰਾਂ ਦੇ ਅਹੁਦੇ ਖਾਲੀ ਨਹੀਂ ਰਹਿਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਚੋਣ ਕਮੇਟੀ 'ਚ 'ਬਹੁਮਤ' ਸਰਕਾਰ ਦੇ ਪੱਖ 'ਚ ਹੈ ਅਤੇ ਜੋ ਉਹ ਚਾਹੇਗੀ, ਉਹ ਹੋਵੇਗਾ।

## ਮਨਪ੍ਰੀਤ ਸਿੰਘ ਬਾਦਲ ਨੂੰ ਹਸਪਤਾਲ ਤੋਂ ਛੁੱਟੀ ਮਿਲੀ

ਬਠਿੰਡਾ-ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਇੱਥੋਂ ਦੇ ਜਿੰਦਲ ਹਾਰਟ ਇਂਸਟੀਚਿਊਟ ਵਿੱਚੋਂ ਛੁੱਟੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸ੍ਰੀ ਬਾਦਲ ਨੂੰ 10 ਮਾਰਚ ਦੀ ਸਵੇਰੇ ਦਿਲ ਦੀ ਸਮੱਸਿਆ ਆਉਣ 'ਤੇ ਇੱਥੇ ਦਾਖ਼ਲ ਕਰਵਾਇਆ ਗਿਆ ਸੀ। ਹਸਪਤਾਲ ਵਿੱਚ ਉਨ੍ਹਾਂ ਦੇ ਸਟੈਂਟ ਪਾਉਣ ਮਗਰੋਂ ਅੱਜ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਇਸ ਮੌਕੇ ਉਨ੍ਹਾਂ ਦੇ ਨੇੜਲੇ ਸਕੇ ਸਬੰਧੀ ਅਤੇ ਸਮਰਥਕ ਇੱਥੇ ਹਾਜ਼ਰੀ ਲਗਵਾਉਂਦੇ ਦੇਖੇ ਗਏ। ਉਨ੍ਹਾਂ ਦੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਮਨਪ੍ਰੀਤ ਹੁਣ ਤੰਦਰੁਸਤ ਹਨ। ਉਨ੍ਹਾਂ ਨੂੰ ਅੱਜ ਛੁੱਟੀ ਮਿਲ ਗਈ ਹੈ। ਉਧਰ, ਸਾਬਕਾ ਵਿੱਤ ਮੰਤਰੀ ਦਾ ਇਲਾਜ ਕਰ ਰਹੇ ਡਾਕਟਰ ਜਿੰਦਲ ਵੱਲੋਂ ਵੀ ਮਨਪ੍ਰੀਤ ਬਾਦਲ ਨੂੰ ਛੁੱਟੀ ਦੇਣ ਦੀ ਪੁਸ਼ਟੀ ਕਰਦੇ ਹੋਏ ਕਿਹਾ ਗਿਆ ਹੈ ਕਿ ਉਹ ਹੁਣ ਠੀਕ ਹਨ।

## ਯੂਐਫਵੀ ਕਮਿਊਨਿਟੀ ਵਿਕਾਸ ਦੇ 50 ਸਾਲਾਂ ਦੇ ਮਨਾ ਰਹੀ ਹੈ ਜਸ਼ਨ


ਐਬਟਸਫੋਰਡ-1974 ਵਿਚ ਨਿਮਰ ਸ਼ੁਰੂਆਤ ਕਰਕੇ ਯੂਨੀਵਰਸਿਟੀ ਆਫ ਫ੍ਰੇਜ਼ਰ ਵੈਲੀ ਐਬਟਸਫੋਰਡ ਦੀ ਆਰਥਿਕਤਾ ਅਤੇ ਕਮਿਊਨਿਟੀ ਵਿਚ ਮਹੱਤਵਪੂਰਣ ਯੋਗਦਾਨ ਪਾਉਣ ਵਾਲੀ ਬਣ ਗਈ ਹੈ। ਅਪ੍ਰੈਲ ਵਿਚ ਜਦੋਂ ਯੂਨੀਵਰਸਿਟੀ ਆਪਣੇ 50ਵੀਂ ਵਰ੍ਹੇਗੰਢ ਦੇ ਜਸ਼ਨ ਸ਼ੁਰੂ ਕਰੇਗੀ ਤਾਂ ਇਹ ਆਪਣੀ ਕਮਿਊਨਿਟੀ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਨੂੰ ਸਵੀਕਾਰ ਕਰੇਗੀ ਜਿਸ ਵਿਚ ਇਸ ਦੇ ਵਿਸ਼ਵ ਭਰ ਦੇ 50000 ਤੋਂ ਵੀ ਜ਼ਿਆਦਾ ਸਾਬਕਾ ਵਿਦਿਆਰਥੀ ਸ਼ਾਮਿਲ ਹਨ। ਪੰਜ ਦਹਾਕਿਆਂ ਵਿਚ ਤੁਸੀਂ ਐਬਟਸਫੋਰਡ ਜੀਵਨ ਦੇ ਹਰੇਕ ਪਹਿਲੂ ਵਿਚ ਯੂਨੀਵਰਸਿਟੀ ਅਤੇ ਇਸ ਦੇ ਗ੍ਰੈਜੂਏਟ ਲੱਭ ਸਕਦੇ ਹੋ। ਭਾਵੇਂ ਇਹ ਸਿਹਤ ਸੰਭਾਲ, ਸਿੱਖਿਆ, ਖੇਤੀਬਾੜੀ, ਕਾਰੋਬਾਰ, ਵਪਾਰ, ਸਮਾਜਿਕ ਸੇਵਾਵਾਂ, ਕਲਾ ਜਾਂ ਗੈਰ-ਲਾਭਕਾਰੀ ਖੇਤਰ ਹੋਵੇ, ਯੂਐਫਵੀ ਦੇ ਸਾਬਕਾ ਵਿਦਿਆਰਥੀਆਂ ਨੇ ਐਬਟਸਫੋਰਡ ਅਤੇ ਫ੍ਰੇਜ਼ਰ ਵੈਲੀ ਨੂੰ ਅੱਜ ਦੇ ਰੂਪ ਦੇਣ ਵਿਚ ਮਦਦ ਕੀਤੀ ਹੈ।

## ਸਰੀ ਕੌਂਸਲ ਵਲੋਂ 72 ਐਵੀਨਿਊ ਦੇ ਵਿਸਤਾਰ ਨੂੰ ਪ੍ਰਵਾਨਗੀ

ਸਰੀ-ਸਿਟੀ ਕੌਂਸਲ ਨੇ ਆਉਣ ਵਾਲੇ ਸਾਲਾਂ ਵਿਚ ਆਵਾਜਾਈ ਵਧਣ ਦੀ ਆਸ ਨਾਲ 72 ਐਵੀਨਿਊ ਨੂੰ ਪੂਰਬ ਵੱਲ 152 ਸਟਰੀਟ ਤੋਂ ਹਾਈਵੇਅ 15 (176 ਸਟਰੀਟ) ਤਕ ਵਧਾਉਣ ਲਈ ਇਕ ਡਿਜ਼ਾਈਨ ਦੀ ਖਰੀਦ ਨਾਲ ਅੱਗੇ ਵਧਣ ਲਈ ਇੰਜਨੀਅਰਿੰਗ ਵਿਭਾਗ ਦੀ ਸਿਫਾਰਸ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਾਜੈਕਟ ਲਈ 95 ਮਿਲੀਅਨ ਡਾਲਰ ਤੋਂ ਲੈ ਕੇ 158 ਮਿਲੀਅਨ ਡਾਲਰ ਤਕ ਦੇ ਚਾਰ ਦ੍ਰਿਸ਼ ਹਨ। ਸਰੀ ਦੀ ਮੇਅਰ ਬਰੈਂਡਾ ਲੋਕ ਨੇ ਦੱਸਿਆ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਸਾਨੂੰ ਸ਼ਹਿਰ ਵਿਚ ਪੂਰਬੀ-ਪੱਛਮੀ ਸੰਪਰਕ ਦੀ ਲੋੜ ਹੈ। ਇਹ ਸੜਕ ਅਜਿਹੀ ਹੋਵੇਗੀ ਜਿਹੜੀ ਆਵਾਜਾਈ ਵਿਚ ਕਾਫੀ ਮਦਦਗਾਰ ਸਾਬਤ ਹੋਵੇਗੀ। ਮੈਨੂੰ ਨਹੀਂ ਲਗਦਾ ਕਿ ਸਰੀ ਵਿਚ ਘੁੰਮਣ ਫਿਰਨ ਵਾਲਾ ਵਿਅਕਤੀ ਇਸ ਤੱਥ 'ਤੇ ਸਵਾਲ ਕਰੇਗਾ ਕਿ ਅਸੀਂ ਇਸ ਤਰ੍ਹਾਂ ਦੀਆਂ ਟਰੈਫਿਕ ਸਮੱਸਿਆਵਾਂ ਕਦੇ ਨਹੀਂ ਦੇਖੀਆਂ। ਪਿਛਲੇ ਇਕ ਦਹਾਕੇ ਵਿਚ ਤਾਂ ਹਾਲਤ ਜ਼ਿਆਦਾ ਖਰਾਬ ਹੋ ਗਈ ਹੈ। ਪਿਛਲੇ ਸਾਲ ਮਈ ਵਿਚ ਕੌਂਸਲ ਨੇ ਸਿਟੀ ਸਟਾਫ ਨੂੰ 152 ਸਟਰੀਟ ਪੂਰਬੀ ਤੋਂ ਹਾਈਵੇਅ 15 (176) ਤਕ 72 ਐਵੀਨਿਊ ਨੂੰ ਵਧਾਉਣ ਦੀ ਸੰਭਾਵਨਾ, ਖਰਚ, ਲਾਭ ਅਤੇ ਅਸਰ ਦਾ ਮੁਲਾਂਕਣ ਕਰਨ ਦੀ ਹਦਾਇਤ ਕੀਤੀ ਸੀ। ਇਹ ਮੁਲਾਂਕਣ 2024 ਦੀ ਪਹਿਲੀ ਤਿਮਾਹੀ ਵਿਚ ਮੁਕੰਮਲ ਹੋਣ ਅਤੇ ਫਿਰ ਵਿਚਾਰ ਵਟਾਂਦਰੇ ਲਈ ਕੌਂਸਲ ਸਾਹਮਣੇ ਪੇਸ਼ ਕਰਨ ਦੀ ਆਸ ਹੈ।

## 2023 ਵਿਚ ਸਰੀ ਵਾਸੀਆਂ ਨਾਲ ਕ੍ਰਿਪਟੋਕ੍ਰੰਸੀ ਵਿਚ 12 ਮਿਲੀਅਨ ਡਾਲਰ ਦਾ ਘੁਟਾਲਾ ਹੋਇਆ

ਸਰੀ-ਪੁਲਿਸ ਨੇ ਇਕ ਰਿਲੀਜ਼ ਜਾਰੀ ਕਰਕੇ ਸਰੀ ਵਿਚ ਆਮ ਹੋ ਰਹੇ ਘੁਟਾਲਿਆਂ ਅਤੇ ਉਨ੍ਹਾਂ ਤੋਂ ਕਿਵੇਂ ਬਚਣਾ ਹੈ ਬਾਰੇ ਚਿਤਾਵਨੀ ਦਿੱਤੀ ਹੈ। ਆਰਸੀਐਮਪੀ ਨੂੰ 2023 ਵਿਚ ਕ੍ਰਿਪਟੋਕ੍ਰੰਸੀ ਦੇ ਧੋਖਾਧੜੀ ਦੀਆਂ 229 ਰਿਪੋਰਟਾਂ ਮਿਲੀਆਂ ਹਨ। ਬਹੁਤੀ ਧੋਖਾਧੜੀ ਨਿਵੇਸ਼ ਘੁਟਾਲਿਆਂ ਨਾਲ ਕੀਤੀ ਗਈ ਹੈ। 2024 ਦੇ ਪਹਿਲੇ ਦੋ ਮਹੀਨਿਆਂ ਵਿਚ ਸਰੀ ਵਿਚ ਪੁਲਿਸ ਨੂੰ ਕ੍ਰਿਪਟੋਕ੍ਰੰਸੀ ਦੀ ਧੋਖਾਧੜੀ ਕਰਨ ਦੀਆਂ 50 ਰਿਪੋਰਟਾਂ ਮਿਲੀਆਂ ਹਨ ਅਤੇ ਇਨ੍ਹਾਂ ਵਿਚ ਸਰੀ ਵਾਸੀਆਂ ਨੇ 32 ਲੱਖ ਡਾਲਰ ਗੁਆਏ ਹਨ। ਇਨ੍ਹਾਂ ਘੁਟਾਲਿਆਂ ਵਿਚ ਪੀੜਤਾਂ ਨੂੰ ਸੋਸ਼ਲ ਮੀਡੀਆ, ਫੋਨ ਕਾਲਾਂ, ਆਨਲਾਈਨ ਇਸ਼ਤਿਹਾਰਾਂ ਅਤੇ ਆਨਲਾਈਨ ਡੇਟਿੰਗ ਪਲੇਟਫਾਰਮਾਂ ਰਾਹੀਂ ਕ੍ਰਿਪਟੋਕ੍ਰੰਸੀ ਨਾਲ ਸਬੰਧਤ ਨਿਵੇਸ਼ ਪੇਸ਼ ਜਾਂਦਾ ਸੀ। ਜਾਅਲੀ ਵਪਾਰ ਅਤੇ ਮੁਨਾਫੇ ਨਾਲ ਨਕਲੀ ਵੈੱਬਸਾਈਟਾਂ ਅਤੇ ਮੋਬਾਈਲ ਐਪਲੀਕੇਸ਼ਨਾਂ ਦੀ ਵਰਤੋਂ ਕਰਕੇ ਪੀੜਤਾਂ ਨੂੰ ਨਿਵੇਸ਼ ਪਲੇਟਫਾਰਮ ਵਿਚ ਪੈਸਾ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜਦੋਂ ਪੀੜਤ ਆਪਣੇ ਨਿਵੇਸ਼ ਨੂੰ ਵਾਪਸ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਨ੍ਹਾਂ ਨੂੰ ਆਮ ਤੌਰ 'ਤੇ ਟੈਕਸਾਂ ਅਤੇ ਦੂਸਰੀ ਫੀਸ ਲਈ ਹੋਰ ਪੈਸੇ ਦੇਣ ਲਈ ਕਿਹਾ ਜਾਂਦਾ ਹੈ। ਆਖਰਕਾਰ ਘੁਟਾਲੇਬਾਜ਼ ਪੀੜਤ ਨਾਲ ਸੰਚਾਰ ਕਰਨਾ ਬੰਦ ਕਰ ਦਿੰਦਾ ਹੈ ਅਤ ਫਿਰ ਪੀੜਤ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਨਾਲ ਪੈਸਿਆਂ ਦੀ ਧੋਖਾਧੜੀ ਕੀਤੀ ਗਈ ਹੈ।









# ਸਪੈਨਿਸ਼ ਔਰਤ ਨਾਲ ਬਲਾਤਕਾਰ ਦੀ ਸ਼ਰਮਨਾਕ ਘਟਨਾ...

## ‘ਅਤਿਥੀ ਦੇਵਾ ਭਵੋ’ ਦੇ ਨਾਮ ਤੇ ਕਲੰਕ

**ਸੁਖਵਿੰਦਰ ਸਿੰਘ ਚੋਹਲਾ**

ਬੀਤੇ ਹਫਤੇ ਝਾਰਖੰਡ ਦੇ ਦੁਮਕਾ ਜਿਲੇ ਵਿਚ ਦੁਨੀਆ ਦੀ ਸੈਰ ਤੇ ਨਿਕਲੀ ਇਕ ਸਪੈਨਿਸ਼ ਔਰਤ ਨਾਲ ਉਸਦੇ ਪਤੀ ਦੇ ਸਾਹਮਣੇ ਵਾਪਰੀ ਬਲਾਤਕਾਰ ਦੀ ਘਟਨਾ ਨੇ ਜਿਥੇ ਹਰ ਭਾਰਤੀ ਨੂੰ ਸ਼ਰਮਸਾਰ ਕੀਤਾ ਹੈ, ਉਥੇ ਇਸ ਘਟਨਾ ਨੇ "ਅਤਿਥੀ ਦੇਵਾ ਭਵੋ" ਦਾ ਢੰਡੋਰਾ ਪਿੱਟਣ ਵਾਲੇ ਮੁਲਕ ਦੇ ਹਾਕਮਾਂ ਦੀਆਂ ਸੈਲਾਨੀਆਂ ਦੀ ਸੁਰੱਖਿਆ ਸਬੰਧੀ ਨਾਕਸ ਨੀਤੀਆਂ ਦਾ ਵੀ ਪਰਦਾਫਾਸ਼ ਕੀਤਾ ਹੈ।

ਪਿਛਲੇ ਹਫਤੇ ਸ਼ੁਕਰਵਾਰ ਨੂੰ ਵਾਪਰੀ ਇਸ ਕੰਬਾਅ ਦੇਣ ਵਾਲੀ ਘਟਨਾ ਸਬੰਧੀ ਸਪੈਨਿਸ਼ ਜੋੜੇ ਨੇ ਖੁਦ ਇਸਟਾਗਰਾਮ ਉਪਰ ਵੀਡੀਓ ਪਾਕੇ ਜਦੋਂ ਖੁਲਾਸਾ ਕੀਤਾ ਤਾਂ ਪੂਰੀ ਦੁਨੀਆ ਵਿਚ ਤਹਿਲਕਾ ਮੱਚ ਗਿਆ। ਭਾਰਤੀ ਮੀਡੀਆ ਵਲੋਂ ਇਸ ਖਬਰ ਦੀ ਪਰਦਾਪੋਸ਼ੀ ਦੌਰਾਨ ਝਾਰਖੰਡ ਹਾਈਕੋਰਟ ਵਲੋਂ ਆਪ ਮੁਹਾਰੇ ਕੀਤੀ ਕਾਰਵਾਈ ਨੇ ਪੀੜਤ ਜੋੜੇ ਨੂੰ ਕਾਫੀ ਹੱਦ ਤੱਕ ਰਾਹਤ ਪਹੁੰਚਾਉਣ ਵਿਚ ਮਦਦ ਕੀਤੀ।

ਪੁਲਿਸ ਰਿਪੋਰਟ ਮੁਤਾਬਿਕ 1 ਮਾਰਚ ਦੀ ਰਾਤ ਨੂੰ ਇਹ ਦੁਖਦਾਈ ਘਟਨਾ ਉਸ ਸਮੇਂ ਵਾਪਰੀ ਜਦੋਂ ਸਪੈਨਿਸ਼ ਔਰਤ ਫਰਨੈਂਡਾ ਆਪਣੇ ਪਤੀ ਵਿਚੈਂਸੇ ਨਾਲ ਮੋਟਰਸਾਈਕਲ ਉਪਰ ਘੁੰਮਦੀ ਹੋਈ ਝਾਰਖੰਡ ਦੇ ਜਿਲਾ ਡੁਮਕਾ ਦੇ ਪਿੰਡ ਕੁਮਰਾਹਟ ਵਿਖੇ ਪੁੱਜੀ। ਉਹਨਾਂ ਨੇ ਰਾਤ ਪੈਣ ਕਾਰਣ ਸੜਕ ਕਿਨਾਰੇ ਇਕ ਰਮਣੀਕ ਥਾਂ ਜਾਣਕੇ ਆਪਣਾ ਟੈਂਟ ਲਗਾ ਲਿਆ। ਦੋਵੇਂ ਪਤੀ-ਪਤਨੀ ਟੈਂਟ ਵਿਚ ਆਰਾਮ ਕਰ ਰਹੇ ਸਨ ਕਿ ਸ਼ਾਮੀ 7.30 ਦੇ ਕਰੀਬ ਦੋ ਮੋਟਰਸਾਈਕਲ ਸਵਾਰ ਉਥੇ ਆਏ ਤੇ ਫਿਰ ਆਪਣੇ ਕੁਝ ਹੋਰ ਸਾਥੀਆਂ ਨੂੰ ਵੀ ਬੁਲਾ ਲਿਆ। ਫਰਨੈਂਡਾ ਵਲੋਂ ਪੁਲਿਸ ਨੂੰ ਲਿਖਾਈ ਰਿਪੋਰਟ ਮੁਤਾਬਿਕ ਲਗਪਗ 7 ਦੇ ਕਰੀਬ ਬਦਮਾਸ਼ਾਂ ਨੇ ਟੈਂਟ ਵਿਚ ਦਾਖਲ ਹੁੰਦਿਆਂ ਉਸਦੇ ਪਤੀ ਨੂੰ ਪਕੜ ਲਿਆ, ਕੁੱਟਮਾਰ ਕੀਤੀ ਤੇ ਚਾਕੂ ਦੀ ਨੋਕ ਉਪਰ ਉਸ ਨਾਲ ਬਲਾਤਕਾਰ ਕੀਤਾ। ਬਦਮਾਸ਼ ਉਸ ਨਾਲ ਲਗਪਗ ਦੋ ਢਾਈ ਘੰਟੇ ਜਿਆਦਤੀ ਕਰਦੇ ਰਹੇ। ਜਾਂਦੇ ਸਮੇਂ ਉਹ 11000 ਰੁਪਏ, 300 ਅਮਰੀਕੀ ਡਾਲਰ, ਡਾਇਮੰਡ ਰਿੰਗ, ਘੜੀ, ਪਰਸ ਅਤੇ ਈਅਰ ਪੌਡ ਤੇ ਕਰੈਡਿਟ ਕਾਰਡ ਲੁੱਟਕੇ ਲੈ ਗਏ। ਆਪਣੇ ਨਾਲ ਵਾਪਰੀ ਇਸ ਦੁਖਦਾਈ ਘਟਨਾ ਉਪਰੰਤ ਦੋਵਾਂ ਪਤੀ -ਪਤਨੀ ਨੇ ਹਿੰਮਤ ਜੁਟਾਈ ਤੇ ਦੋਵੇਂ ਡੁਮਕਾ ਦੇ ਪੁਲਿਸ ਸਟੇਸ਼ਨ ਪੁੱਜੇ ਤੇ ਰਿਪੋਰਟ ਦਰਜ ਕਰਵਾਈ। ਉਸਦੇ ਪਤੀ ਨੇ ਆਪਣੀ ਸੱਟਾਂ ਵਿਖਾਉਂਦਿਆਂ ਤੇ ਹਵਸ਼ੀ ਦਰਿੰਦਿਆਂ ਵਲੋਂ ਫਰਨੈਂਡਾ ਦੇ ਵਲੂੰਧਰੇ ਚਿਹਰੇ ਨਾਲ ਵੀਡੀਓ ਸ਼ੂਟ ਕਰਦਿਆਂ ਸੋਸ਼ਲ ਮੀਡੀਆ ਤੇ ਆਪਣੇ ਦਰਦ ਦੀ ਬਾਤ ਲੋਕਾਂ ਨਾਲ ਸਾਂਝੀ ਕੀਤੀ। ਫਰਨੈਂਡਾ ਦਾ ਕਹਿਣਾ ਹੈ ਕਿ ਉਹ ਦੋਵੇਂ ਪਤੀ ਪਤਨੀ ਪਿਛਲੇ ਲਗਪਗ 6 ਸਾਲ ਤੋਂ



ਵਿਸ਼ਵ ਟੂਰ ਤੇ ਹਨ। ਭਾਰਤ ਵਿਚ ਉਹ ਪਿਛਲੇ 6 ਮਹੀਨੇ ਤੋ ਹਨ ਤੇ ਲਗਪਗ 20,000 ਕਿਲੋਮੀਟਰ ਦਾ ਸਫਰ ਤੈਅ ਕਰ ਚੁੱਕੇ ਹਨ। ਇਸ ਦੌਰਾਨ ਉਹਨਾਂ ਦਾ ਭਾਰਤੀ ਲੋਕਾਂ ਨੂੰ ਮਿਲਣ ਅਤੇ ਸੈਰ ਸਪਾਟੇ ਦੀਆਂ ਥਾਵਾਂ ਵੇਖਦਿਆਂ ਸੁਖਦ ਤੇ ਯਾਦਗਾਰੀ ਅਨੁਭਵ ਰਿਹਾ ਪਰ ਝਾਰਖੰਡ ਵਿਚ ਬਦਮਾਸ਼ਾਂ ਵਲੋਂ ਵਰਤਾਏ ਕਹਿਰ ਨੇ ਉਹਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਪਰ ਇਸ ਦੌਰਾਨ ਉਸਦਾ ਪਤੀ ਉਸਦਾ ਹੌਸਲਾ ਬਣਿਆ ਤੇ ਆਪਣਾ ਦਰਦ ਲੋਕਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ। ਫਰਨੈਂਡਾ ਦਾ ਕਹਿਣਾ ਹੈ ਕਿ ਆਪਣੇ ਨਾਲ ਵਾਪਰੀ ਇਸ ਦੁਖਦਾਈ ਘਟਨਾ ਲਈ ਉਹ ਭਾਰਤੀ ਲੋਕਾਂ ਨੂੰ ਮੰਦਾ ਨਹੀ ਕਹਿ ਸਕਦੀ ਹੈ। ਇਸ ਘਟਨਾ ਲਈ ਬਦਮਾਸ਼ ਤੇ ਅਪਰਾਧੀ ਕਿਸਮ ਦੇ ਲੋਕ ਜਿੰਮੇਵਾਰ ਹਨ ਜੋ ਹਰ ਮੁਲਕ ਵਿਚ ਹੁੰਦੇ ਹਨ। ਉਸਦਾ ਕਹਿਣਾ ਹੈ ਕਿ ਔਰਤਾਂ ਨਾਲ ਜਿਆਦਤੀ ਅਤੇ ਬਲਾਤਕਾਰ ਦੀਆਂ ਘਟਨਾਵਾਂ ਹਰ ਮੁਲਕ ਵਿਚ ਵਾਪਰਦੀਆਂ ਹਨ। ਉਸਦੇ ਆਪਣੇ ਮੁਲਕ ਸਪੇਨ ਵਿਚ ਵੀ। ਭਾਰਤ ਵਰਗੇ ਮੁਲਕ ਵਿਚ ਔਰਤਾਂ ਆਪਣੇ ਨਾਲ ਵਾਪਰਦੀ ਅਜਿਹੀ ਜਿਆਦਤੀ ਖਿਲਾਫ ਲੋਕਾਂ ਸਾਹਮਣੇ ਆਉਣ ਤੋਂ ਹਿਚਕਚਾਉਂਦੀਆਂ ਹਨ। ਉਸਦਾ ਕਹਿਣਾ ਹੈ ਕਿ ਹਰ ਔਰਤ ਨੂੰ ਅਜਿਹੇ ਜੁਲਮ ਖਿਲਾਫ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਔਖਾ ਤਾਂ ਹੈ ਪਰ ਹਿੰਮਤ ਜੁਟਾਉਣੀ ਪੈਂਦੀ ਹੈ। ਉਸਨੇ ਆਪਣੇ ਪਤੀ ਨਾਲ ਆਪਣੀ ਵਿਸ਼ਵ ਯਾਤਰਾ ਜਾਰੀ ਰੱਖਣ ਦੀ ਗੱਲ ਕਰਦਿਆਂ ਕਿਹਾ ਕਿ ਉਹ ਆਪਣੀ ਅਗਲੀ ਮੰਜ਼ਲ ਨੇਪਾਲ ਨੂੰ ਜਾ ਰਹੇ ਹਨ।

ਬਦਮਾਸ਼ਾਂ ਨੇ ਸੈਲਾਨੀ ਔਰਤ ਨਾਲ ਜਿਆਦਤੀ ਕਰਦਿਆਂ ਭਾਰਤੀ ਲੋਕਾਂ ਨੂੰ ਜਿਥੇ ਸ਼ਰਮਸਾਰ ਕੀਤਾ ਹੈ ਉਥੇ ਇਹ ਰਾਹਤ ਵਾਲੀ ਗੱਲ ਹੈ ਕਿ ਝਾਰਖੰਡ ਨਿਆਂ ਪਾਲਿਕਾ ਤੇ ਪੁਲਿਸ ਨੇ ਪੀੜਤ ਔਰਤ ਦੀ ਸਮੇਂ ਸਿਰ ਮਦਦ ਕਰਦਿਆਂ ਸਰਾਹਨੀ ਭੂਮਿਕਾ ਨਿਭਾਈ ਹੈ। ਜਿਲਾ ਜੱਜ ਵਲੋਂ ਪੀੜਤ ਔਰਤ ਨਾਲ ਖੁਦ ਮੁਲਾਕਾਤ ਕਰਨ ਅਤੇ ਪੁਲਿਸ ਨੂੰ ਤੁਰੰਤ ਕਾਰਵਾਈ ਕਰਨ ਦੇ ਹੁਕਮਾਂ ਪਿਛੋਂ ਪੁਲਿਸ ਨੇ 7 ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਕੋਈ ਢਿੱਲ ਨਹੀ ਵਿਖਾਈ। ਪ੍ਰਸ਼ਾਸਨ ਵਲੋਂ ਪੀੜਤ ਜੋੜੇ ਨੂੰ 10 ਲੱਖ ਦਾ ਤੁਰੰਤ ਮੁਆਵਜਾ ਦੇਣ ਦਾ ਵੀ ਪ੍ਰਬੰਧ ਕੀਤਾ ਗਿਆ। ਭਾਰਤ ਵਿਚ ਸੈਲਾਨੀ ਔਰਤਾਂ ਨਾਲ ਹਿੰਸਕ ਵਿਵਹਾਰ ਜਾਂ ਬਲਾਤਕਾਰ ਦੀਆਂ ਘਟਨਾਵਾਂ ਦੀ ਇਕ ਲੰਬੀ ਸੂਚੀ ਹੈ। 2022 ਵਿਚ ਗੋਆ ਵਿਚ ਇਕ ਬ੍ਰਿਟਿਸ਼ ਸੈਲਾਨੀ ਔਰਤ ਨਾਲ ਉਸਦੇ ਸਾਥੀ ਦੇ ਸਾਹਮਣੇ ਬਲਾਤਕਾਰ ਕੀਤਾ ਗਿਆ ਸੀ। ਇਸ ਸਾਲ ਦੇ ਸ਼ੁਰੂ ਵਿਚ ਨਵੀਂ ਦਿੱਲੀ ਦੇ ਇਕ ਹੋਟਲ ਵਿਚ ਵੀ ਇਕ ਭਾਰਤੀ-ਅਮਰੀਕੀ ਔਰਤ ਵਲੋਂ ਬਲਾਤਕਾਰ ਦੇ ਦੋਸ਼ ਲਗਾਏ ਸਨ। ਹਰ ਸਾਲ ਅਜਿਹੀਆਂ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ। ਪਿਛਲੇ ਸਾਲ ਦਿੱਲੀ ਵਿਚ ਵਿਦੇਸ਼ੀ ਸੈਲਾਨੀਆਂ ਨਾਲ ਹਿੰਸਾ ਦੀਆਂ 27 ਘਟਨਾਵਾਂ ਦੇ ਕੇਸ ਦਰਜ ਹੋਏ ਸਨ। ਇਥੋਂ ਤੱਕ ਕਿ ਪਿਛਲੇ ਤਿੰਨ ਸਾਲਾਂ ਦੌਰਾਨ 29 ਵਿਦੇਸ਼ੀ ਮਾਰੇ ਵੀ ਜਾ ਚੁੱਕੇ ਹਨ। ਸੈਲਾਨੀਆਂ ਨਾਲ ਹਿੰਸਕ ਵਾਰਦਾਤਾਂ ਤੋਂ ਇਲਾਵਾ ਠੱਗੀ, ਚੋਰੀ ਤੇ ਡਕੈਤੀ ਦੀਆਂ ਵੀ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ। ਇਸਦੇ ਬਾਵਜੂਦ ਭਾਰਤ ਵਿਚ ਸੈਲਾਨੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਭਾਰਤ ਦਾ ਵਿਸ਼ਵ ਸੈਰ ਸਪਾਟੇ ਲਈ ਪ੍ਰਸਿੱਧ 50 ਮੁਲਕਾਂ ਚੋਂ 7 ਵਾਂ ਸਥਾਨ ਹੈ। ਤਾਮਿਲਨਾਡੂ, ਰਾਜਸਥਾਨ ਅਤੇ ਉਤਰਪ੍ਰਦੇਸ਼ ਵਿਚ ਸੈਂਕੜੇ ਸੈਲਾਨੀ ਸਥਾਨਾਂ ਤੋਂ ਇਲਾਵਾ ਦਿੱਲੀ, ਚੇਨਈ, ਮੁੰਬਈ, ਆਗਰਾ ਤੇ ਜੈਪੁਰ ਦੁਨੀਆ ਦੇ ਪ੍ਰਸਿਧ ਸੈਲਾਨੀ ਸਥਾਨ ਹਨ। ਸਾਲ 2022 ਵਿਚ 60 ਲੱਖ ਤੋਂ ਉਪਰ ਵਿਦੇਸ਼ੀ ਸੈਲਾਨੀ ਭਾਰਤ ਆਏ ਸਨ। ਅਨੁਮਾਨ ਹੈ ਕਿ ਭਾਰਤ ਵਿਚ 2024 ਵਿਚ ਇਕ ਕਰੋੜ 34 ਲੱਖ ਦੇ ਕਰੀਬ ਸੈਲਾਨੀ ਆ ਸਕਦੇ ਹਨ। ਭਾਰਤ ਦੇ ਘਰੇਲੂ ਸੈਲਾਨੀਆਂ ਦੀ ਗਿਣਤੀ ਵੀ ਕਰੋੜਾਂ ਵਿਚ ਹੈ। ਭਾਰਤ ਸਰਕਾਰ ਵਲੋਂ ਵਿਦੇਸ਼ੀ ਸੈਲਾਨੀਆਂ ਨੂੰ ਖਿੱਚਣ ਲਈ ਅਦਭੁਦ ਇੰਡੀਆ ਦੇ ਨਾਮ ਹੇਠ ਅਤਿਥੀ ਦੇਵਾ ਭਵੋ ਦੇ ਨਾਅਰੇ ਨਾਲ ਭਾਰਤ ਦੀ ਸੈਰ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਭਾਰਤ ਦੀ ਸੈਰ ਸਪਾਟਾ ਸਨਅਤ ਦੇ ਵਿਕਾਸ ਦੇ ਨਾਲ ਭਾਰਤ ਸਰਕਾਰ ਨੂੰ ਸੈਲਾਨੀਆਂ ਦੀ ਸੁਰੱਖਿਆ ਤੇ ਉਹਨਾਂ ਦੀ ਮੰਗਲਮਈ ਯਾਤਰਾ ਲਈ ਇਕ ਚੰਗੇਰੀ ਨੀਤੀ ਤੇ ਪੁਖਤਾ ਸੁਰੱਖਿਆ ਪ੍ਰਣਾਲੀ ਬਣਾਉਣਾ ਵੱਡੀ ਲੋੜ ਹੈ। ਇੰਡੀਆ ਪੱਧਰ ਦੀ ਇਕ ਟੂਰਿਸਟ ਪੁਲਿਸ ਫੋਰਸ ਦੀ ਕਾਇਮੀ ਦੇ ਨਾਲ ਸੈਲਾਨੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਤੇ ਪੀੜਤਾਂ ਨੂੰ ਜਲਦ ਨਿਆਂ ਲਈ ਫਾਸਟ ਟਰੈਕ ਅਦਾਲਤ ਦੀ ਸਥਾਪਨਾ ਦੇ ਵਿਚਾਰ ਸੁਝਾਏ ਜਾ ਚੁੱਕੇ ਹਨ ਤਾਂਕਿ ਸੈਲਾਨੀਆਂ ਨਾਲ ਦੁਰਵਿਹਾਰ ਜਾਂ ਹਿੰਸਕ ਵਿਹਾਰ ਕਰਨ ਵਾਲੇ ਅਪਰਾਧੀਆਂ ਨੂੰ ਤੁਰੰਤ ਤੇ ਸਖਤ ਸਜਾਵਾਂ ਦਾ ਪ੍ਰਬੰਧ ਹੋ ਸਕੇ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.




REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426







# ਕਿਸਾਨਾਂ ਵੱਲੋਂ ਮਹਾਂਪੰਚਾਇਤ ਦੌਰਾਨ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਦਾ ਐਲਾਨ

ਸਫ਼ਾ 3 ਦੀ ਬਾਕੀ

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਲੰਮੇ ਸਮੇਂ ਤੋਂ ਨਜ਼ਰਅੰਦਾਜ਼ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, 'ਅਸੀਂ 2021 ਤੋਂ ਰੋਸ ਮੁਜ਼ਾਹਰੇ ਕਰ ਰਹੇ ਹਾਂ ਅਤੇ ਉਨ੍ਹਾਂ ਦਾ ਚਾਰਟਰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ ਪਰ ਅਜੇ ਤੱਕ ਕੁਝ ਨਹੀਂ ਹੋਇਆ।' ਉਨ੍ਹਾਂ ਕਿਹਾ, 'ਅਸੀਂ ਅੱਜ ਮੁੜ ਉਨ੍ਹਾਂ ਦੀ ਮਸਲਿਆਂ ਬਾਰੇ ਚਰਚਾ ਕੀਤੀ ਹੈ ਅਤੇ ਦੇਸ਼ ਭਰ ਤੋਂ ਆਏ ਕਿਸਾਨਾਂ ਨੂੰ ਮੰਗਾਂ ਬਾਰੇ ਦੱਸਿਆ ਹੈ। ਅਸੀਂ ਆਪਣਾ ਅੰਦੋਲਨ ਜਾਰੀ ਰੱਖਣ ਅਤੇ ਚੋਣਾਂ ਦੌਰਾਨ ਭਾਜਪਾ ਦੀਆਂ ਨੀਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਮਤਾ ਵੀ ਪਾਸ ਕੀਤਾ ਹੈ।' ਉਨ੍ਹਾਂ ਕਿਹਾ ਕਿ ਉਹ ਸਾਰੇ ਰਾਜਾਂ ਵਿੱਚ ਸੰਪਰਕ ਸਥਾਪਤ ਕਰ ਰਹੇ ਹਨ ਅਤੇ ਉਹ ਉਥੋਂ ਦੇ ਲੋਕਾਂ ਨੂੰ ਦੱਸਣਗੇ ਕਿ ਸਰਕਾਰ ਨੇ ਕਿਸ ਤਰ੍ਹਾਂ ਕਿਸਾਨਾਂ ਨੂੰ ਧੋਖਾ ਦਿੱਤਾ ਹੈ। ਬੀਕੇਯੂ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਇਕਜੁੱਟ ਹੈ ਅਤੇ ਸ਼ੰਭੂ ਤੇ ਖਨੌਰੀ ਹੱਦ 'ਤੇ ਰੋਸ ਮੁਜ਼ਾਹਰੇ ਕਰ ਰਹੇ ਕਿਸਾਨ ਆਗੂਆਂ ਨਾਲ ਵੀ ਗੱਲਬਾਤ ਚੱਲ ਰਹੀ ਹੈ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਵਿਰੋਧੀ ਧਿਰ ਮੰਨਦੀ ਹੈ। ਹੁਣ ਪਹਿਲੀ ਵਾਰ ਹੋਇਆ ਕਿ ਕਾਰਪੋਰੇਟ ਜਗਤ ਪਰਦੇ ਪਿੱਛੋਂ ਸਾਹਮਣੇ ਆਇਆ ਜਦਕਿ ਇਹ ਪਹਿਲਾਂ ਹਮੇਸ਼ਾ ਲੁਕਿਆ ਹੁੰਦਾ ਸੀ। ਮੇਧਾ ਪਾਟੇਕਰ ਨੇ ਕਿਹਾ ਕਿ ਪੂਰਾ ਦੇਸ਼ ਪੰਜਾਬ ਦੇ ਕਿਸਾਨਾਂ ਨੂੰ ਦੇਖ ਰਿਹਾ ਹੈ ਤੇ ਸਿੱਖ ਭਰਾਵਾਂ ਵੱਲ ਦੇਸ਼ ਦੇ ਲੋਕ ਉਮੀਦ ਨਾਲ ਦੇਖਦੇ ਹਨ। ਮਹਾਪੰਚਾਇਤ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼ ਤੇ ਪੱਛਮੀ ਬੰਗਾਲ ਤੋਂ ਇਲਾਵਾ ਹੋਰ ਰਾਜਾਂ ਤੋਂ ਆਏ ਕਿਸਾਨਾਂ ਨੇ ਹਿੱਸਾ ਲਿਆ।




# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

**604-594-0616**







# ਕੈਲਗਰੀ ਦਾ ਸਾਬਕਾ ਮੇਅਰ ਨੇਨਸ਼ੀ ਅਲਬਰਟਾ ਐਨਡੀਪੀ ਲੀਡਰਸ਼ਿਪ ਦੀ ਦੌੜ 'ਚ ਸ਼ਾਮਿਲ

ਐਡਮਿੰਟਨ-ਅਲਬਰਟਾ ਦੀ ਐਨਡੀਪੀ ਲੀਡਰਸ਼ਿਪ ਦੌੜ ਵਿਚ ਸ਼ਾਮਿਲ ਹੋਏ ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੇਨਸ਼ੀ ਨੇ ਆਪਣੇ ਆਪ ਨੂੰ ਕਮਜ਼ੋਰ ਅਤੇ ਪਾਰਟੀ ਦੀ ਦੁਸ਼ਮਣ ਯੂਸੀਪੀ ਨੂੰ ਖ਼ਤਰਨਾਕ ਆਖਿਆ ਹੈ। ਉਮੀਦਵਾਰੀ ਲਈ ਨਾਮਜ਼ਦਗੀ ਦੀ ਤਾਰੀਕ ਤੋਂ ਚਾਰ ਦਿਨ ਪ ਹਿਲਾਂ ਅਤੇ ਤੁਲਨਾਤਮਿਕ ਤੌਰ 'ਤੇ ਇਕ ਬਾਹਰੀ ਵਿਅਕਤੀ ਵਜੋਂ ਦੌੜ ਵਿਚ ਸ਼ਾਮਿਲ ਹੋਏ ਨੇਨਸ਼ੀ ਨੇ ਕਿਹਾ ਕਿ ਉਸ ਕੋਲ ਦੂਸਰੇ ਐਲਾਨੇ ਆਸਵੰਦ ਉਮੀਦਵਾਰਾਂ ਤੋਂ ਪਿੱਛੇ ਰਹਿਣ ਦਾ ਕਾਫੀ ਆਧਾਰ ਹੈ। ਉਹ ਕੋਈ ਮੋਹਰੀ ਉਮੀਦਵਾਰ ਨਹੀਂ ਅਤੇ ਉਨ੍ਹਾਂ ਨੇ ਇਕ ਵੀ ਮੈਂਬਰਸ਼ਿਪ ਨਹੀਂ ਵੇਚੀ। ਸਾਡੇ ਕੋਲ ਚਾਰ ਬਹੁਤ ਕਾਬਲ ਔਰਤਾਂ ਹਨ ਅਤੇ ਇਕ ਹੋਰ ਵੀ ਦੌੜ ਵਿਚ ਸ਼ਾਮਿਲ ਹੈ। ਉਹ ਕਮਜ਼ੋਰ ਰਹਿਣ ਦਾ ਆਦੀ ਹੈ ਪਰ ਤਿੰਨ ਵਾਰ ਕੈਲਗਰੀ ਦਾ ਮੇਅਰ ਰਹਿ ਚੁੱਕੇ ਨੇਨਸ਼ੀ ਨੇ ਕਿਹਾ ਕਿ ਉਸ ਦਾ ਤਜਰਬਾ ਅਤੇ ਦੂਸਰੀਆਂ ਸਰਕਾਰਾਂ ਨਾਲ ਸਹਿਯੋਗ ਕਰਨ ਦੀ ਕਾਬਲੀਅਤ ਇਹ ਸਾਬਤ ਕਰਦੀ ਹੈ ਕਿ ਉਹ ਇਕ ਯੂਸੀਪੀ ਸਰਕਾਰ ਨੂੰ ਹਰਾਉਣ ਵਾਲੇ ਕੰਮ ਦੇ ਯੋਗ ਹੈ। ਉਨ੍ਹਾਂ ਯੂਸੀਪੀ ਸਰਕਾਰ ਨੂੰ ਅਸਮਰੱਥ ਕਿਹਾ ਹੈ । ਇਹ ਸਰਕਾਰ ਦੀ ਟਰਾਂਸ ਰਾਈਟਸ, ਸਾਇੰਸ ਅਤੇ ਸਿਹਤ ਦੇਖਭਾਲ ਪ੍ਰਤੀ ਨੀਤੀਆਂ ਕਾਰਨ ਇਹ ਸਰਕਾਰ ਅਲਬਰਟਾ ਵਾਸੀਆਂ ਦੀ ਜ਼ਿੰਦਗੀ ਲਈ ਖ਼ਤਰਾ ਹੈ। ਸਾਡੀ ਸਰਕਾਰ ਨਾ ਕੇਵਲ ਅਸਮਰੱਥ ਹੈ ਸਗੋਂ ਅਨੈਤਿਕ ਤੇ ਖ਼ਤਰਨਾਕ ਵੀ ਹੈ। ਅਸੀਂ ਪ੍ਰੀਮੀਅਰ ਡੇਨੀਅਲ ਸਮਿਥ ਅਤੇ ਉਨ੍ਹਾਂ ਦੀ ਸਰਕਾਰ ਨੂੰ ਹੋਰ ਜ਼ਿਆਦਾ ਬਰਦਾਸ਼ਤ ਨਹੀਂ ਕਰ ਸਕਦੇ। ਯੂਸੀਪੀ ਦੀ ਓਟਵਾ ਨਾਲ ਲੜਾਈ ਤੋਂ ਇਹ ਪਤਾ ਲਗਦਾ ਹੈ ਕਿ ਪਾਰਟੀ ਅਸਲ ਵਿਚ ਸ਼ਾਸਨ ਕਰਨ ਵਿਚ ਰੁਚੀ ਨਹੀਂ ਰੱਖਦੀ ਸਗੋਂ ਲੜਾਈਆਂ ਕਰਨ ਤੇ ਪੈਸਾ ਬਰਬਾਦ ਕਰਨ ਦੇ ਹੱਕ ਵਿਚ ਹੈ।

# ਬੀਸੀ ਵਲੋਂ ਓਵਰਪਾਸਾਂ ਨੂੰ ਟੱਕਰ ਮਾਰਨ ਵਾਲੇ ਟਰੱਕ ਡਰਾਈਵਰਾਂ ਨੂੰ ਇਕ ਲੱਖ ਡਾਲਰ ਜ਼ੁਰਮਾਨੇ ਤੇ 18 ਮਹੀਨੇ ਕੈਦ ਦੀ ਸਜ਼ਾ ਦਾ ਪ੍ਰਸਤਾਵ

ਵਿਕਟੋਰੀਆ-ਬੀਸੀ ਸਰਕਾਰ ਉਨ੍ਹਾਂ ਵਪਾਰਕ ਟਰੱਕ ਡਰਾਈਵਰਾਂ ਨੂੰ ਸਜ਼ਾ ਦੇਣ ਲਈ ਸਖਤ ਨਵੇਂ ਉਪਾਅ ਪੇਸ਼ ਕਰ ਰਹੀ ਹੈ ਜਿਹੜੇ ਓਵਰਪਾਸ ਅਤੇ ਪੁੱਲਾਂ ਵਰਗੇ ਜਨਤਕ ਬੁਨਿਆਦੀ ਢਾਂਚਿਆਂ ਨੂੰ ਟੱਕਰ ਮਾਰਦੇ ਹਨ। ਮੰਗਲਵਾਰ ਪੇਸ਼ ਕੀਤੇ ਗਏ ਕਾਨੂੰਨਾਂ ਵਿਚ ਤਬਦੀਲੀਆਂ ਨਾਲ ਅਦਾਲਤਾਂ ਇਕ ਲੱਖ ਡਾਲਰ ਤੱਕ ਜ਼ੁਰਮਾਨਾ ਅਤੇ 18 ਮਹੀਨੇ ਤਕ ਕੈਦ ਦੀ ਸਜ਼ਾ ਦੇ ਸਕਣਗੀਆਂ। ਬੀਸੀ ਦੇ ਟਰਾਂਸਪੋਰਟ ਮੰਤਰਾਲੇ ਵਲੋਂ ਇਕੱਤਰ ਕੀਤੀ ਗਈ ਸੂਚੀ ਮੁਤਾਬਿਕ 2021 ਦੇ ਅਖੀਰ ਤੋਂ ਹੁਣ ਤਕ ਵਪਾਰਕ ਟਰੱਕਾਂ ਨੇ 35 ਓਵਰਪਾਸਾਂ ਅਤੇ ਪੁੱਲਾਂ ਨੂੰ ਟੱਕਰ ਮਾਰੀ ਹੈ। ਮੋਟੇ ਜ਼ੁਰਮਾਨੇ ਦਾ ਐਲਾਨ ਕਰਦਿਆਂ ਸੂਬੇ ਦਾ ਕਹਿਣਾ ਕਿ ਬੁਨਿਆਦੀ ਢਾਂਚਾ ਨੂੰ ਟੱਕਰ ਮਾਰਨ ਨਾਲ ਮਹੱਤਵਪੂਰਣ ਸੁਰੱਖਿਆ ਖ਼ਤਰਾ ਪੈਦਾ ਹੁੰਦਾ ਹੈ, ਹਾਈਵੇਜ਼ ਮੁਰੰਮਤ 'ਤੇ ਲੱਖਾਂ ਡਾਲਰ ਖਰਚ ਆਉਣ ਦੇ ਨਾਲ ਨਾਲ ਲੰਬਾ ਸਮਾਂ ਸੜਕ ਬੰਦ ਰਹਿੰਦੀ ਹੈ ਅਤੇ ਸਪਲਾਈ ਚੇਨ ਵਿਚ ਵਿਘਨ ਪੈਂਦਾ ਹੈ ਜਿਸ ਦਾ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ 'ਤੇ ਅਸਰ ਪੈਂਦਾ ਹੈ। ਟਰਾਂਸਪੋਰਟ ਮੰਤਰੀ ਰੌਬ ਫਲੇਮਿੰਗ ਨੇ ਕਿਹਾ ਕਿ ਸਧਾਰਨ ਸ਼ਬਦਾਂ ਵਿਚ ਸਾਡੇ ਬੁਨਿਆਦੀ ਢਾਂਚੇ ਨੂੰ ਟੱਕਰ ਮਾਰਨ ਦੇ ਕੋਈ ਬਹਾਨੇ ਨਹੀਂ ਹੋਣੇ ਚਾਹੀਦੇ। ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਇਹ ਟੱਕਰਾਂ ਰੁਕਣੀਆਂ ਚਾਹੀਦੀਆਂ ਹਨ। ਡਰਾਈਵਰ ਆਪਣੇ ਲੋਡ ਦੇ ਆਕਾਰ ਨੂੰ ਜਾਨਣ, ਆਪਣੇ ਰੂਟ ਦੀ ਪਾਲਣਾ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਉਨ੍ਹਾਂ ਦਾ ਲੋਡ ਠੀਕ ਢੰਗ ਨਾਲ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਨਾਲ ਪਹੁੰਚਯੋਗ ਰੂਟ ਮੈਪ ਵਰਗੀ ਤਕਨਾਲੋਜੀ ਕਾਰਨ ਅਜਿਹਾ ਕਦੇ ਵੀ ਸੌਖਾ ਨਹੀਂ ਰਿਹਾ। ਇਕ ਲੱਖ ਤਕ ਦਾ ਜ਼ਰਮਾਨਾ ਅਤੇ ਜੇਲ੍ਹ ਦਾ ਸਮਾਂ ਟਰੱਕ ਕੰਪਨੀਆਂ ਜਾਂ ਦੂਸਰੇ ਮੁਲਾਜ਼ਮਾਂ 'ਤੇ ਲਾਗੂ ਨਹੀਂ ਹੁੰਦਾ।

# ਲੋਕਾਂ ਦੀ ਗਰੀਬੀ ਦੂਰ ਕਿਉਂ ਨਹੀਂ ਹੁੰਦੀ ?

ਵਿਸ਼ਵ ਭਰ ਦੇ ਲੋਕਾਂ ਦੀ ਗਰੀਬੀ ਦਾ ਕਾਰਨ ਸਿਰਫ ਸਰਕਾਰਾਂ ਹੀ ਨਹੀਂ ਲੋਕ ਆਪ ਵੀ ਹਨ। ਵੱਡੀ ਗਿਣਤੀ ਵਿੱਚ ਬੱਚੇ ਪੈਦਾ ਕਰਨੇ, ਗਲਤ ਆਚਾਰ-ਵਿਹਾਰ ਅਤੇ ਲੋਕਾਂ ਦੀ ਆਪਣੀ ਸੂਝ ਦੀ ਘਾਟ ਗਰੀਬੀ ਦੇ ਮੁੱਖ ਕਾਰਨ ਹਨ। ਕਈ ਸਮਾਜ ਸੁਧਾਰਕ ਅਤੇ ਸਮਾਜ ਸੇਵੀ ਸੰਸਥਾਵਾਂ; ਗਰੀਬੀ ਦੂਰ ਕਰਨ ਦੇ ਕਾਰਜ ਵਿਚ ਲੱਗੀਆਂ ਹੋਈਆਂ ਹਨ। ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵੀ ਜਨਤਾ ਦੀ ਗਰੀਬੀ ਦੂਰ ਕਰਨ ਲਈ ਬਹੁਤ ਸਾਰਾ ਪੈਸਾ ਖਰਚ ਕਰਦੀਆਂ ਹਨ ਅਤੇ ਕਈ ਤਰ੍ਹਾਂ ਦੀਆਂ ਸਕੀਮਾਂ ਚਲਾਉਂਦੀਆਂ ਹਨ ਪਰੰਤੂ, ਲੋਕਾਂ ਦੀ ਗਰੀਬੀ ਫਿਰ ਵੀ ਦੂਰ ਨਹੀਂ ਹੁੰਦੀ। ਇਸ ਦੇ ਕਈ ਕਾਰਨ ਹਨ। ਇਕ ਵਿਸ਼ੇਸ਼ ਕਾਰਨ ਹੈ ਕਿ ਬਹੁਤ ਸਾਰੇ ਗਰੀਬ ਲੋਕ, ਦਿਲੋਂ ਤਾਂ ਚਾਹੁੰਦੇ ਹਨ ਕਿ ਗਰੀਬੀ ਦੂਰ ਹੋਵੇ ਪਰੰਤੂ, ਅਗਿਆਨਤਾ ਵੱਸ ਉਹ ਗਰੀਬੀ ਦੂਰ ਕਰਨ ਵਾਲੇ ਕੰਮ ਹੀ ਨਹੀਂ ਕਰਦੇ। ਜਿਵੇਂ: ਬਹੁਤ ਸਾਰੇ ਵਿਕਸਤ ਅਮੀਰ ਦੇਸ਼ਾਂ ਵਿੱਚ ਗਰੀਬ ਲੋਕਾਂ ਨੂੰ ਰੁਜ਼ਗਾਰ ਚਲਾਉਣ ਲਈ ਘਰ ਬੈਠੇ ਪੈਸੇ ਮਿਲਦੇ ਹਨ। ਲੋਕ ਉਹ ਪੈਸੇ ਜੂਏ, ਸ਼ਰਾਬ ਜਾਂ ਹੋਰ ਨਸ਼ਿਆਂ ਵਿਚ ਰੋੜ੍ਹ ਦਿੰਦੇ ਹਨ ਅਤੇ ਫਿਰ ਸੜਕਾਂ ਤੇ ਆ ਕੇ ਭੀਖ ਮੰਗਦੇ ਹਨ ਅਤੇ ਭੁੱਖੇ ਮਰਦੇ ਹਨ। ਇਸੇ ਤਰ੍ਹਾਂ ਜੋ ਵਿਕਾਸਸ਼ੀਲ ਦੇਸ਼ ਹਨ; ਉੱਥੇ ਵੀ ਸਰਕਾਰਾਂ ਗਰੀਬੀ ਦੂਰ ਕਰਨ ਲਈ ਬਹੁਤ ਉਪਰਾਲੇ ਕਰਦੀਆਂ ਹਨ। ਜਿਵੇਂ: ਸਰਕਾਰ ਗਰੀਬ ਬੱਚਿਆਂ ਨੂੰ ਮੁਫਤ ਪੜ੍ਹਾਈ ਦੀਆਂ ਸਹੂਲਤਾਂ ਅਤੇ ਵਜ਼ੀਫੇ ਦਿੰਦੀ ਹੈ ਤਾਂ ਕਿ ਉਹ ਪੜ੍ਹ-ਲਿਖ ਕੇ ਜਾਂ ਚੰਗਾ ਕੋਰਸ ਕਰਕੇ; ਆਪਣਾ ਜੀਵਨ ਸੁਖਪੂਰਵਕ ਬਿਤਾ ਸਕਣ ਪਰੰਤੂ ਬਹੁਤ ਸਾਰੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਸਕੂਲਾਂ ਵਿਚ ਭੇਜਦੇ ਹੀ ਨਹੀਂ ਹਨ। ਗਰੀਬਾਂ ਦਾ ਵਿਹਾਰ ਅਜਿਹਾ ਹੈ ਕਿ ਉਹ "ਅਸੀਂ ਪੜ੍ਹਾਂਗੇ" ਕਹਿ ਕੇ ਵਜ਼ੀਫਾ ਤਾਂ ਲੈ ਲੈਂਦੇ ਹਨ; ਪਰੰਤੂ ਪੜ੍ਹਦੇ ਨਹੀਂ। ਉਹ ਵਜ਼ੀਫਾ ਲੈ ਕੇ ਭੱਜ ਜਾਂਦੇ ਹਨ ਅਤੇ ਉਹ ਪੈਸੇ ਕਿਸੇ ਗਲਤ ਕੰਮ ਉੱਤੇ ਖਰਚ ਕਰਦੇ ਹਨ।



ਠਾਕੁਰ ਦਲੀਪ ਸਿੰਘ ਜੀ

ਇਸ ਤਰ੍ਹਾਂ ਗ਼ਰੀਬ ਲੋਕ ਆਪਣੀਆਂ ਹੀ ਬੁਰੀਆਂ ਆਦਤਾਂ ਦੇ ਕਾਰਨ ਅਜਿਹੇ ਕੰਮ ਕਰਦੇ ਹਨ; ਜਿਨ੍ਹਾਂ ਨਾਲ ਉਨ੍ਹਾਂ ਦੀ ਗਰੀਬੀ ਦੂਰ ਨਹੀਂ ਹੁੰਦੀ। ਇਸ ਸੰਸਾਰ ਵਿੱਚ ਗਰੀਬੀ ਦੂਰ ਨਾ ਹੋਣ ਦਾ ਕਾਰਨ ਗਰੀਬ ਲੋਕਾਂ ਦਾ ਆਪਣਾ ਗਲਤ ਵਿਹਾਰ, ਗਲਤ ਆਚਾਰ ਅਤੇ ਉਨ੍ਹਾਂ ਦੀਆਂ ਮਾੜੀਆਂ ਆਦਤਾਂ ਹਨ। ਲੋਕਾਂ ਦੀ ਗਰੀਬੀ ਦੂਰ ਨਾ ਹੋਣ ਪਿੱਛੇ ਗਰੀਬ ਲੋਕਾਂ ਦੀ ਆਪਣੀ ਬਹੁਤ ਵੱਡੀ ਗਲਤੀ ਹੈ। ਇਸ ਦੇ ਲਈ ਬਿਨਾਂ ਕਿਸੇ ਕਾਰਨ ਸਰਕਾਰ (ਕਿਸੇ ਵੀ ਪਾਰਟੀ ਦੀ) ਨੂੰ ਦੋਸ਼ ਦੇਣਾ; ਸਾਡੇ ਲਈ ਉਚਿਤ ਨਹੀਂ ਹੈ। ਗਰੀਬੀ ਦੂਰ ਕਰਨ ਲਈ, ਗਰੀਬੀ ਦਾ ਅਸਲੀ ਕਾਰਨ ਜਾਣਨਾ ਬਹੁਤ ਜ਼ਰੂਰੀ ਹੈ।

# ਰੈਜ਼ੀਡੈਂਟਸ ਕੋਲ ਨਾ ਰਹਿਣ ਕਾਰਨ ਸਰੀ ਦੀ ਨਰਸ ਹਰਵੀਰ ਰਾਏ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ

ਸਰੀ-ਸਰੀ ਦੀ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ (ਐਲਪੀਐਨ) ਖਿਲਾਫ 12 ਨਵੰਬਰ 2021 ਅਤੇ 17 ਜੁਲਾਈ 2022 ਵਿਚਕਾਰ ਪ੍ਰੈਕਟਿਸ ਮੁੱਦਿਆਂ ਨੂੰ ਲੈ ਕੇ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੈ। ਇਕ ਜਨਤਕ ਨੋਟਿਸ ਵਿਚ ਬ੍ਰਿਟਿਸ਼ ਕੋਲੰਬੀਆ ਕਾਲਜ ਆਫ ਨਰਸਿਜ ਐਂਡ ਮਿਡਵਾਈਵਜ਼ (ਬੀਸੀਸੀਐਨਐਮ) ਨੇ ਕਿਹਾ ਕਿ ਇਕ ਮੌਕੇ 'ਤੇ ਹਰਵੀਰ ਰਾਏ ਨਾਂਅ ਦੀ ਨਰਸ ਉਸ ਦੀ ਦੇਖਭਾਲ ਹੇਠ ਰਹਿ ਰਹੇ ਰੈਜ਼ੀਡੈਂਟਸ ਨੂੰ ਲਾਵਾਰਸ ਛੱਡ ਕੇ ਤਿੰਨ ਘੰਟੇ ਤੋਂ ਵੀ ਵੱਧ ਸਮਾਂ ਰੈਜ਼ੀਡੈਂਟ ਦੇ ਰੂਮ ਵਿਚ ਇਕੱਲੀ ਬੈਠੀ ਰਹੀ ਸੀ। ਉਸ ਨੇ ਆਪਣੇ ਦਸਤਾਵੇਜ਼ਾਂ ਵਿਚ ਗਲਤ ਬਿਆਨਬਾਜ਼ੀ ਕੀਤੀ ਅਤੇ ਉਹ ਆਪਣੇ ਮਾਲਕ ਪ੍ਰਤੀ ਇਮਾਨਦਾਰ ਨਹੀਂ ਸੀ। ਰਾਏ ਬੀਸੀਸੀਐਨਐਮ ਇਨਕੁਆਰੀ ਕਮੇਟੀ ਦੀਆਂ ਸ਼ਰਤਾਂ ਨਾਲ ਸਵੈਇੱਛਾ ਨਾਲ ਸਹਿਮਤ ਹੋ ਗਈ ਜਿਸ ਵਿਚ ਉਸ ਦੀ ਨਰਸਿੰਗ ਰਜਿਸਟਰੇਸ਼ਨ ਪੰਜ ਹਫ਼ਤਿਆਂ ਲਈ ਮੁਅੱਤਲ ਰਹੇਗੀ, ਅਗਲੇ 6 ਮਹੀਨੇ ਉਸ ਨੂੰ ਰਾਤ ਦੀ ਸ਼ਿਫਟ ਵਿਚ ਕੰਮ ਕਰਨ, ਨਵੇਂ ਸਟਾਫ ਨੂੰ ਦਿਸ਼ਾ ਦੇਣ, ਸਟਾਫ ਦੀ ਨਿਗਰਾਨੀ ਅਤੇ ਵਿਦਿਆਰਥੀਆਂ ਨਾਲ ਸਲਾਹਕਾਰ ਦੀ ਭੂਮਿਕਾ ਨਿਭਾਉਣ ਦੀ ਮਨਾਹੀ ਕਰ ਦਿੱਤੀ ਗਈ ਹੈ। ਉਸ ਨੂੰ ਦਸਤਾਵੇਜ਼, ਨੈਤਿਕਤਾ, ਜ਼ਿੰਮੇਵਾਰੀ ਅਤੇ ਜਵਾਬਦੇਹੀ ਵਿਚ ਸੁਧਾਰਾਤਮਿਕ ਸਿੱਖਿਆ ਲੈਣੀ ਪਵੇਗੀ। ਉਹ ਸਿੱਖਣ ਦੀ ਇਕ ਯੋਜਨਾ ਤਿਆਰ ਕਰੇਗੀ ਅਤੇ ਰੈਗੂਲੇਟਰੀ ਪ੍ਰੈਕਟਿਸ ਕਨਸਲਟੈਂਟ ਨਾਲ ਰਾਬਤਾ ਕਾਇਮ ਕਰੇਗੀ।

# ਸਿਟੀ ਆਫ ਸਰੀ ਵਲੋਂ 64 ਐਵੀਨਿਊ ਦੇ ਨਾਲ ਸੜਕ ਵਿਸਤਾਰ ਪ੍ਰਾਜੈਕਟ ਸ਼ੁਰੂ

ਸਰੀ-ਸ਼ਹਿਰ ਵਲੋਂ ਪਿਛਲੇ ਦਿਨੀ ਇਕ ਸਮਾਰੋਹ ਕਰਕੇ 64 ਐਵੀਨਿਊ ਦੇ ਨਾਲ ਨਾਲ ਸੜਕ ਵਿਸਤਾਰ ਪ੍ਰਾਜੈਕਟ ਲਈ ਉਸਾਰੀ ਦੀ ਸ਼ੁਰੂਆਤ ਦਾ ਜ਼ਸ਼ਨ ਮਨਾਇਆ। ਰੁਝੀ ਰਹਿਣ ਵਾਲੀ ਸੜਕ ਨੂੰ 177ਵੀ ਅਤੇ 184 ਸਟਰੀਟਸ ਵਿਚਕਾਰ ਦੋ ਤੋਂ ਚਾਰ ਲੇਨ ਤਕ ਚੌੜਾ ਕੀਤਾ ਜਾ ਰਿਹਾ ਹੈ। ਪੈਦਲ ਚੱਲਣ ਵਾਲਾ ਤੇ ਸਾਈਕਲਿੰਗ ਬੁਨਿਆਦੀ ਢਾਂਚਾ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਸੜਕ ਸੁਰੱਖਿਆ ਵਿਚ ਸੁਧਾਰ ਅਤੇ ਨੇਬਰਹੁੱਡ ਤਕ ਪਹੁੰਚ ਲਈ 180 ਸਟਰੀਟ, 181ਏ ਸਟਰੀਟ ਅਤੇ ਕਲੇਟਨਵੁੱਡ ਗੇਟ ਚੌਰਾਹੇ 'ਤੇ ਟਰੈਫਿਕ ਸਿਗਨਲ ਲਗਾਏ ਜਾਣਗੇ। ਸਿਟੀ ਰਿਲੀਜ਼ ਵਿਚ ਕਿਹਾ ਕਿ ਇਹ ਕੰਮ 176 ਅਤੇ 196 ਸਟਰੀਟਸ ਵਿਚਕਾਰ 64 ਐਵੀਨਿਊ ਦੇ ਨਾਲ ਨਾਲ ਸਥਾਈ ਯਾਤਰਾ ਵਿਕਲਪਾਂ ਅਤੇ ਕਮਿਊਨਿਟੀ ਵਿਕਾਸ ਨੂੰ ਸਹਾਇਤਾ ਦੇਣ ਲਈ ਸੜਕ ਨੂੰ ਚੌੜਾ ਕਰਨ ਦਾ ਅੰਤਿਮ ਪੜਾਅ ਹੈ। ਸਰੀ ਦੀ ਮੇਅਰ ਬਰੈਂਡਾ ਲੋਕ ਨੇ ਦੱਸਿਆ ਕਿ 64 ਐਵੀਨਿਊ ਨੂੰ ਦੋ ਤੋਂ ਚਾਰ ਲੇਨ ਤਕ ਚੌੜਾ ਕਰਕੇ ਅਸੀਂ ਟਰੈਫਿਕ ਆਵਾਜਾਈ ਵਿਚ ਸੁਧਾਰ ਕਰਾਂਗੇ ਅਤੇ ਕਲੋਵਰਡੇਲ ਵਿਚ ਆਪਣੇ ਸ਼ਹਿਰ ਵਾਸੀਆਂ ਦੇ ਤੁਰਨ ਅਤੇ ਸਾਈਕਲ ਚਲਾਉਣ ਨੂੰ ਸੁਰੱਖਿਅਤ ਬਣਾਵਾਂਗੇ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM




# ਕੈਨੇਡਾ ਸਰਕਾਰ ਹੁਨਰਮੰਦ ਕਾਰੋਬਾਰ 'ਚ ਔਰਤਾਂ ਨੂੰ ਉਤਸ਼ਾਹਿਤ ਕਰਨ ਹਿਤ 28 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ

## 15 ਪ੍ਰੋਜੈਕਟਾਂ ਵਿੱਚੋਂ ਇੱਕ ਪ੍ਰੋਜੈਕਟ ਪਿਕਸ ਸੋਸਾਇਟੀ ਸਰੀ ਲਈ ਹੋਵੇਗਾ

ਸਰੀ (ਹਰਦਮ ਮਾਨ)-ਕੈਨੇਡਾ ਦੇ ਰੁਜ਼ਗਾਰ, ਕਾਰਜ ਸ਼ਕਤੀ, ਵਿਕਾਸ ਅਤੇ ਸਰਕਾਰੀ ਭਾਸ਼ਾਵਾਂ ਦੇ ਮੰਤਰੀ ਰੈਂਡੀ ਬੋਇਸਨੌਲਟ ਨੇ ਔਰਤਾਂ ਨੂੰ ਹੁਨਰਮੰਦ ਕਿੱਤਿਆਂ ਦੀ ਖੋਜ, ਉਹਨਾਂ ਦੀ ਤਿਆਰੀ ਅਤੇ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਜਿਸ ਤਹਿਤ ਸਰਕਾਰ ਵੱਲੋਂ 39 ਰੈੱਡ ਸੀਲ ਖੇਤਰਾਂ ਵਿਚਲੀਆਂ ਰੁਕਾਵਟਾਂ ਹਟਾਉਣ ਲਈ ਅਤੇ ਕਰੀਅਰ ਬਣਾਉਣ ਵਿਚ 6,400 ਯੋਗ ਔਰਤਾਂ ਦੀ ਸਹਾਇਤਾ ਕਰਨ ਲਈ 15 ਪ੍ਰੋਜੈਕਟ ਉਲੀਕੇ ਗਏ ਹਨ ਜਿਨ੍ਹਾਂ ਉਪਰ 28 ਮਿਲੀਅਨ ਡਾਲਰ ਤੋਂ ਵੱਧ ਫੰਡ ਖਰਚ ਕੀਤੇ ਜਾਣਗੇ। ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ (PICS) ਸੋਸਾਇਟੀ ਸਰੀ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਵਿਚ ਇਹ ਐਲਾਨ ਕਰਦਿਆਂ ਰੈਂਡੀ ਬੋਇਸੋਨੌਲਟ ਨੇ ਕਿਹਾ ਕਿ ਐਲਾਨ ਕੀਤੇ ਗਏ ਇਨ੍ਹਾਂ ਪ੍ਰੋਜੈਕਟਾਂ ਵਿੱਚੋਂ ਇੱਕ ਪ੍ਰੋਜੈਕਟ ਪਿਕਸ ਸੁਸਾਇਟੀ ਸਰੀ ਲਈ ਹੋਵਗਾ ਜਿਸ ਰਾਹੀਂ 120 ਨਵੀਆਂ ਪ੍ਰਵਾਸੀ ਅਪ੍ਰੇਂਟਿਸ ਔਰਤਾਂ ਨੂੰ ਕੈਨੇਡਾ ਵਿਚ ਆਪਣਾ ਕਰੀਅਰ ਨੈਵੀਗੇਟ ਕਰਨ ਲਈ ਹੁਨਰ ਅਤੇ ਉੱਤਮਤਾ ਪ੍ਰਦਾਨ ਕਰਨ ਵਿਚ ਮਦਦ ਕੀਤੀ ਜਾਵੇਗੀ। ਇਸ ਮੌਕੇ ਬੋਲਦਿਆਂ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (ਪਿਕਸ) ਸੋਸਾਇਟੀ ਦੇ ਸੀਈਓ ਅਤੇ ਪ੍ਰਧਾਨ ਸਤਿਬੀਰ ਸਿੰਘ ਚੀਮਾ ਨੇ ਕਿਹਾ ਕਿ ਪਿਕਸ ਸੁਸਾਇਟੀ ਆਪਣੇ ਭਾਗੀਦਾਰਾਂ ਨੂੰ ਤਕਨੀਕੀ ਹੁਨਰ, ਪ੍ਰਮਾਣੀਕਰਨ ਅਤੇ ਵਿਹਾਰਕ ਤਜਰਬੇ ਸਹਿਤ ਅਜਿਹੀ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਨ ਲਈ ਉਤਾਵਲੀ ਹੈ ਜਿਸ ਦੀ ਵਪਾਰਕ ਖੇਤਰ ਵਿੱਚ ਬੇਹੱਦ ਲੋੜ ਹੈ। ਇਹ ਪ੍ਰੋਗਰਾਮ ਔਰਤਾਂ ਨੂੰ ਉਹਨਾਂ ਦੇ ਵਪਾਰਕ ਪ੍ਰਮਾਣੀਕਰਨ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਉਹਨਾਂ ਦੇ ਭਵਿੱਖਤ ਕਰੀਅਰ ਲਈ ਲੋੜੀਂਦੇ ਵਿਹਾਰਕ ਹੁਨਰ ਪ੍ਰਾਪਤ ਕਰਨ ਵਿਚ ਸਹਾਇਤਾ ਕਰੇਗਾ।

# ਨੌਰਥ ਸਰੀ ਵਿਚ ਚਾਰ ਕਮਰਸ਼ੀਅਲ ਟਰੱਕ ਪਾਰਕਿੰਗ ਥਾਵਾਂ ਖੋਲ੍ਹਣ 'ਤੇ ਵਿਚਾਰ

ਸਰੀ-ਸਰੀ ਸਿਟੀ ਕੌਂਸਲ ਦੀਆਂ ਨੌਰਥ ਸਰੀ ਵਿਚ ਚਾਰ ਥਾਵਾਂ 'ਤੇ ਵਪਾਰਕ ਟਰੱਕ ਪਾਰਕਿੰਗ ਲਈ ਸ਼ਹਿਰ ਦੀ ਪ੍ਰਾਪਰਟੀ ਨੂੰ ਵਰਤਣ ਦੀਆਂ ਯੋਜਨਾਵਾਂ ਹਨ। ਇਸ ਨਾਲ ਸਮੂਹਿਕ ਤੌਰ 'ਤੇ ਉਪਲਬਧ 6.5 ਏਕੜ ਜ਼ਮੀਨ 'ਤੇ 150 ਪਾਰਕਿੰਗ ਥਾਵਾਂ ਉਪਲਬਧ ਹੋ ਜਾਣਗੀਆਂ। 11 ਮਾਰਚ ਨੂੰ ਸਿਟੀ ਮੈਨੇਜਰ ਸਕੌਟ ਨਿਊਮਨ ਵਲੋਂ ਕਾਰਪੋਰੇਟ ਰਿਪੋਰਟ ਕੌਂਸਲ ਅੱਗੇ ਪੇਸ਼ ਕੀਤੀ ਗਈ ਜਿਸ ਵਿਚ ਕਈ ਥਾਵਾਂ 'ਤੇ ਪਰੂਡੈਂਸ਼ੀਅਲ ਟਰਾਂਸਪੋਰਟ ਲਿਮਟਿਡ ਲਈ ਆਰਜ਼ੀ ਵਰਤੋਂ ਅਤੇ ਟਰੱਕ ਪਾਰਕਿੰਗ ਸਹੂਲਤਾਂ ਦੇ ਪਰਮਿਟਾਂ ਦੇ ਨਾਲ ਨਾਲ ਲਾਇਸੈਂਸਿੰਗ ਸਮਝੌਤਿਆਂ ਦੀ ਸਿਫਾਰਸ਼ ਕੀਤੀ ਗਈ ਸੀ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਕਮਰਸ਼ੀਅਲ ਟਰੱਕਿੰਗ ਦੀ ਮਹੱਤਤਾ ਨੂੰ ਅਕਸਰ ਹਲਕੇ ਵਿਚ ਲਿਆ ਜਾਂਦਾ ਹੈ। ਮੇਰਾ ਖਿਆਲ ਹੈ ਕਿ ਇਹ ਬਹੁਤ ਮਹੱਤਵਪੂਰਣ ਹੈ ਕਿ ਅਸੀਂ ਟਰੱਕ ਪਾਰਕਿੰਗ ਦਾ ਸਮਰਥਨ ਕਰੀਏ। ਸਰੀ ਵਿਚ ਸਾਡੀ ਆਰਥਿਕਤਾ ਟਰੱਕਿੰਗ ਹੈ ਅਤੇ ਮੈਟਰੋ ਵੈਨਕੂਵਰ ਵਿਚ ਬਹੁਤੇ ਟਰੱਕਰਜ਼ ਇਸ ਇਲਾਕੇ ਵਿਚ ਰਹਿੰਦੇ ਤੇ ਕੰਮ ਕਰਦੇ ਹਨ। ਟਰੱਕ ਪਾਰਕਿੰਗ ਅਹਿਮ ਹੈ ਅਤੇ ਸਾਨੂੰ ਉਨ੍ਹਾਂ ਲੋਕਾਂ ਲਈ ਟਰੱਕ ਪਾਰਕਿੰਗ ਦੀ ਲੋੜ ਹੈ ਜਿਹੜੇ ਸਾਡੇ ਸ਼ਹਿਰ ਲਈ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# 2022 ਵਿਚ ਸਾਊਥ ਸਰੀ ਵਿਚ ਹੋਏ ਕਤਲ ਦੇ ਸਬੰਧ ਵਿਚ ਦੋਸ਼ ਆਇਦ

ਸਰੀ-ਹੋਮੀਸਾਈਡ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ 2022 ਵਿਚ ਟਰੌਏ ਮਾਈਕਲ ਰੈਗਨੀਅਰ ਦੀ ਹੱਤਿਆ ਦੇ ਸਬੰਧ ਵਿਚ ਜਸਟਿਨ ਬੇਸ 'ਤੇ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ। 27 ਅਗਸਤ 2022 ਨੂੰ ਰਾਤ 11 ਵਜੇ ਸਰੀ ਆਰਸੀਐਮਪੀ ਨੂੰ 19 ਐਵੀਨਿਊ ਦੇ 16600 ਬਲਾਕ ਵਿਚ ਇਕ ਘਰ ਦੇ ਬਾਹਰ ਗੋਲੀਬਾਰੀ ਦੀ ਰਿਪੋਰਟ ਮਿਲੀ ਸੀ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ 37 ਸਾਲਾ ਰੈਗਨੀਅਰ ਦੇ ਕਈ ਗੋਲੀਆਂ ਲੱਗੀਆਂ ਹੋਈਆਂ ਸਨ ਅਤੇ ਮੈਂਬਰਾਂ ਵਲੋਂ ਜ਼ਿੰਦਗੀ ਬਚਾਉਣ ਦੇ ਯਤਨ ਕਰਨ ਦੇ ਬਾਵਜੂਦ ਉਸ ਦੀ ਜ਼ਖ਼ਮਾਂ ਕਾਰਨ ਮੌਤ ਹੋ ਗਈ ਸੀ। ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿਚ ਉਹ ਹੋਰ ਜਾਣਕਾਰੀ ਰਿਲੀਜ਼ ਨਹੀਂ ਕਰਨਗੇ ਕਿਉਂਕਿ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਆਈਐਚਆਈਟੀ ਦੀ ਜਾਂਚ ਟੀਮ ਪਿਛਲੇ 18 ਮਹੀਨੇ ਤੋਂ ਇਸ ਜਾਂਚ ਵਿਚ ਲੱਗੀ ਹੋਈ ਸੀ। ਕਾਰਪੋਰਲ ਸੁੱਖ ਢੇਸੀ ਨੇ ਦੱਸਿਆ ਕਿ ਅਸੀਂ ਆਸ ਕਰਦੇ ਹਾਂ ਕਿ ਇਹ ਦੋਸ਼ ਉਸ ਦੇ ਪਰਿਵਾਰ ਨੂੰ ਕੁਝ ਦਿਲਾਸਾ ਦੇਣਗੇ।

# ਗਿਲਡਫੋਰਡ ਵਿਚ ਗਹਿਣਿਆਂ ਦੇ ਸਟੋਰ 'ਤੇ ਹਥਿਆਰਬੰਦ ਡਕੈਤੀ ਦੇ ਸੰਬੰਧ 'ਚ ਤਿੰਨ ਗ੍ਰਿਫ਼ਤਾਰ

ਸਰੀ-ਪੁਲਿਸ ਨੇ 18 ਫਰਵਰੀ ਨੂੰ 101 ਐਵੀਨਿਊ ਦੇ 15200 ਬਲਾਕ ਵਿਚ ਗਿਲਡਫੋਰਡ ਜਿਊਲਰੀ ਸਟੋਰ 'ਤੇ ਹੋਈ ਹਥਿਆਰਬੰਦ ਡਕੈਤੀ ਜਿਸ ਵਿਚ ਇਕ ਵਿਅਕਤੀ ਦੇ ਗੋਲੀ ਮਾਰ ਦਿੱਤੀ ਸੀ ਦੇ ਸਬੰਧ ਵਿਚ ਦੋ ਮਰਦਾਂ ਤੇ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਸੀ। 27 ਫਰਵਰੀ ਨੂੰ ਕੈਲਗਰੀ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। 36 ਸਾਲਾ ਮਾਈਕਲ ਓਨੀਸਚੁਕ ਅਤੇ 32 ਸਾਲਾ ਲੈਰਿਸਾ ਕੋਵਾਨ ਖਿਲਾਫ ਡਕੈਤੀ ਲਈ ਮਨਾਹੀ ਵਾਲੇ ਹਥਿਆਰ ਦੀ ਵਰਤੋਂ ਕਰਨ, ਅਗਨੀ ਸ਼ਾਸਤਰ ਨਾਲ ਜ਼ਖ਼ਮੀ ਕਰਨ ਦਾ ਇਰਾਦਾ ਰੱਖਣ ਅਤੇ ਅਗਨੀ ਸ਼ਾਸਤਰ ਨੂੰ ਗੈਰਕਾਨੂੰਨੀ ਤਰੀਕੇ ਨਾਲ ਕੋਲ ਰੱਖਣ ਦਾ ਦੋਸ਼ ਲਗਾਇਆ ਗਿਆ ਸੀ। ਇਕ ਮਾਰਚ ਨੂੰ ਵੈਨਕੂਵਰ ਦੇ 33 ਸਾਲਾ ਵਿਅਕਤੀ ਨੂੰ ਲੈਂਗਲੀ ਵਿਚ ਡਕੈਤੀ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਅਗਲੇਰੀ ਜਾਂਚ ਚੱਲਣ ਤਕ ਬਿਨ੍ਹਾਂ ਦੋਸ਼ ਦੇ ਰਿਹਾਅ ਕਰ ਦਿੱਤਾ ਸੀ।





# ਬੀ.ਸੀ. ਅਸੈਂਬਲੀ ਚੋਣਾਂ ਲਈ ਸਰਗਰਮੀਆਂ ਸ਼ੁਰੂ

## ਕਨਸਰਵੇਟਿਵ ਪਾਰਟੀ ਦੇ ਉਮੀਦਵਾਰਾਂ ਨੇ ਟੈਕਸੀ ਚਾਲਕਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

ਸਰੀ (ਹਰਦਮ ਮਾਨ)-ਬੀ ਸੀ ਅਸੈਂਬਲੀ ਚੋਣਾਂ ਇਸ ਸਾਲ ਨਵੰਬਰ ਮਹੀਨੇ ਵਿੱਚ ਹੋਣੀਆਂ ਹਨ ਅਤੇ ਇਹਨਾਂ ਚੋਣਾਂ ਲਈ ਰਾਜਸੀ ਪਾਰਟੀਆਂ ਨੇ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀਆਂ ਨੇ ਆਪਣੇ ਕੁਝ ਉਮੀਦਵਾਰ ਵੀ ਐਲਾਨ ਦਿੱਤੇ ਹਨ। ਇਸ ਵਾਰ ਕਨਸਰਵੇਟਿਵ ਪਾਰਟੀ ਆਫ ਬੀਸੀ ਦੂਜੀਆਂ ਦੋਹਾਂ ਪਾਰਟੀਆਂ ਨੂੰ ਵੱਡੀ ਟੱਕਰ ਦੇਣ ਲਈ ਮੈਦਾਨ ਵਿੱਚ ਆ ਰਹੀ ਹੈ। ਪਾਰਟੀ ਦੇ ਲੀਡਰ ਜੋਹਨ ਰਸਟਡ ਦੀ ਅਗਵਾਈ ਹੇਠ ਪਾਰਟੀ ਉਮੀਦਵਾਰਾਂ ਦੀ ਨੋਮੀਨੇਸ਼ਨ ਕੀਤੀ ਜਾ ਰਹੀ ਹੈ। ਇਸੇ ਤਹਿਤ ਸਰੀ ਵਿੱਚ ਵੀ ਇਸ ਪਾਰਟੀ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਗਈਆਂ ਹਨ ਅਤੇ ਪੰਜਾਬੀ ਭਾਈਚਾਰੇ ਦੇ ਕਈ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਹਨਾਂ ਉਮੀਦਵਾਰਾਂ ਵਿੱਚ ਸਰੀ ਨੌਰਥ ਤੋਂ ਮਨਦੀਪ ਸਿੰਘ ਧਾਲੀਵਾਲ, ਸਰੀ ਕਲੋਵਰਡੇਲ ਤੋਂ ਡਾਕਟਰ ਜੋਡੀ ਤੂਰ, ਸਰੀ ਨਿਊਟਨ ਤੋਂ ਤੇਗਜੋਤ ਬੱਲ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਉਮੀਦਵਾਰਾਂ ਵੱਲੋਂ ਵੋਟਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਬੀਤੇ ਦਿਨ ਪੰਜਾਬੀ ਭਾਈਚਾਰੇ ਦੇ ਇਹਨਾਂ ਉਮੀਦਵਾਰਾਂ ਨੇ ਪਾਰਟੀ ਲੀਡਰ ਜੋਹਨ ਰਸਟਡ ਦੀ ਰਹਿਨੁਮਾਈ ਹੇਠ ਟੈਕਸੀ ਚਾਲਕਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਨਾਮਜ਼ਦ ਕੀਤੇ ਗਏ ਉਮੀਦਵਾਰ ਮਨਦੀਪ ਧਾਲੀਵਾਲ, ਡਾਕਟਰ ਜੋਡੀ ਤੂਰ, ਤੇਗਜੋਤ ਬੱਲ ਅਤੇ ਜੋਹਨ ਰਸਟਡ ਅਤੇ ਨੋਮੀਨੇਸ਼ਨ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ (ਲੈਂਗਲੀ ਐਬਸਫੋਰਡ) ਹਰਮਨ ਭੰਗੂ ਸ਼ਾਮਿਲ ਹੋਏ। ਇਸ ਮੀਟਿੰਗ ਵਿਚ ਟੈਕਸੀ ਚਾਲਕਾਂ ਵੱਲੋਂ ਇੰਡਸਟਰੀ ਵਿਚ ਉਬਰ ਅਤੇ ਟੈਕਸੀ ਵਿੱਚ ਲੈਵਲ ਪਲੇਨਿੰਗ ਕਰਨ ਦਾ ਮੁੱਦਾ ਉਠਾਇਆ ਗਿਆ। ਟੈਕਸੀ ਚਾਲਕਾਂ ਨੇ ਵਹੀਕਲ ਦੀ ਏਜ ਲਿਮਿਟ ਨੂੰ ਸੁਖਾਲਾ ਕਰਨ ਅਤੇ ਬੱਸ ਲੇਨ ਵਿੱਚ ਟੈਕਸੀ ਚਲਾਉਣ ਦੀ ਆਗਿਆ ਹੋਣ ਦੀ ਮੰਗ ਕੀਤੀ। ਟੈਕਸੀ ਚਾਲਕਾਂ ਨੇ ਕਿਹਾ ਕਿ ਬਿਜਨਸ ਲਾਈਸੈਂਸ ਫੀਸ ਹਰ ਸਿਟੀ ਲਈ ਵੱਖੋ ਵੱਖਰੀ ਨਹੀਂ ਹੋਣੀ ਚਾਹੀਦੀ ਸਗੋਂ ਪੂਰੇ ਬੀਸੀ ਲਈ ਇੱਕ ਵਾਰ ਹੀ ਹੋਣੀ ਚਾਹੀਦੀ ਹੈ। ਟੈਕਸੀ ਚਾਲਕਾਂ ਨੇ ਇਹ ਵੀ ਕਿਹਾ ਕਿ ਜਿਵੇਂ ਸਿਟੀ ਵਿੱਚ ਟੈਕਸੀਆਂ ਦੀ ਗਿਣਤੀ ਉੱਪਰ ਕੈਪ ਹੈ ਉਸੇ ਤਰ੍ਹਾਂ ਹੀ ਉਬਰ ਲਈ ਵੀ ਕੈਪ ਹੋਣੀ ਚਾਹੀਦੀ ਹੈ। ਕੰਜ਼ਰਵੇਟਿਵ ਪਾਰਟੀ ਆਫ ਬੀਸੀ ਦੇ ਲੀਡਰ ਜੋਹਨ ਰਸਟਡ ਤੇ ਦੂਸਰੇ ਉਮੀਦਵਾਰਾਂ ਨੇ ਟੈਕਸੀ ਚਾਲਕਾਂ ਦੀਆਂ ਇਹਨਾਂ ਮੰਗਾਂ ਨੂੰ ਪਾਰਟੀ ਦੀ ਸਰਕਾਰ ਬਣਨ ਤੇ ਪੂਰੀਆਂ ਕਰਨ ਦਾ ਭਰੋਸਾ ਦੁਆਇਆ ਅਤੇ ਪਾਰਟੀ ਲਈ ਸਹਿਯੋਗ ਦੀ ਮੰਗ ਕੀਤੀ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਮਰ ਅਲੀ, ਰਵੀ ਗਰੇਵਾਲ, ਸੰਦੀਪ ਤੂਰ, ਰਿੱਕੀ ਬਾਜਵਾ, ਸੁਰਜੀਤ ਪੱਤੜ, ਜਾਵੇਦ ਮਲਿਕ, ਕਮਲਦੀਪ ਸਿੰਘ ਮਾਨ, ਬਲਜਿੰਦਰ ਸਰਾਂ, ਗੁਰਜੀਤ ਦੂਲੇ, ਜਸਪਾਲ ਚੀਮਾ, ਤੇਗਨੂਰ ਚੀਮਾ, ਗੁਰਮਿੰਦਰ ਸਿੰਘ (ਮੈਨੇਜਰ ਟੈਕਸੀ), ਜਗਦੀਪ ਸੰਧੂ, ਜਗਦੀਪ ਜੌਹਲ ਅਤੇ ਸੁਖਵਿੰਦਰ ਸੰਧੂ ਹਾਜ਼ਰ ਸਨ।

# ਪਾਕਿਸਤਾਨੀ ਪੰਜਾਬ ਦੇ ਸਕੂਲਾਂ 'ਚ ਪੰਜਾਬੀ ਪੜ੍ਹਾਉਣ ਦੇ ਫ਼ੈਸਲੇ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਅੰਮ੍ਰਿਤਸਰ-ਪਾਕਿਸਤਾਨ 'ਚ ਲਹਿੰਦੇ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਫੈਸਲੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ ਜੋ ਨਵੀਂ ਪੀੜ੍ਹੀ ਨੂੰ ਪੜ੍ਹਾਈ ਜਾਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਪਣੀ ਮਾਂ ਬੋਲੀ ਤੋਂ ਟੁੱਟ ਕੇ ਕੋਈ ਵੀ ਕੌਮ ਕਾਮਯਾਬ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ੭ ਮਾਰਚ ਨੂੰ ਪੰਜਾਬ ਸੱਭਿਆਚਾਰ ਦਿਵਸ ਸਮਾਗਮ ਤਹਿਤ ਪਾਕਿਸਤਾਨ ਵਿੱਚ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਇਹ ਐਲਾਨ ਕੀਤਾ ਹੈ ਕਿ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹਾਉਣਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਵਿੱਚ ਪੰਜਾਬੀ ਨੂੰ ਸਕੂਲਾਂ ਅੰਦਰ ਮੁੱਢਲੀ ਜਮਾਤ ਤੋਂ ਹੀ ਇਕ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਵਿੱਚ ਲੰਮੇ ਸਮੇਂ ਤੋਂ ਪੰਜਾਬੀ ਪੜ੍ਹਾਉਣ ਦਾ ਮਸਲਾ ਚਲਦਾ ਆ ਰਿਹਾ ਹੈ ਅਤੇ ਹੁਣ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਕੀਤਾ ਗਿਆ ਐਲਾਨ ਸ਼ਲਾਘਾਯੋਗ ਹੈ ਜਿਸ ਨੂੰ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਲਹਿੰਦੇ ਪੰਜਾਬ ਵਿਚ ਪੰਜਾਬੀ ਨੌਵੀਂ ਅਤੇ ਦਸਵੀਂ ਜਮਾਤਾਂ ਤੋਂ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ ਜਿਸ ਨਾਲ ਪੰਜਾਬੀ ਮੂਲ ਦੇ ਬੱਚੇ ਲੰਮਾ ਸਮਾਂ ਮਾਂ ਬੋਲੀ ਦੀ ਸਿੱਖਿਆ ਤੋਂ ਦੂਰ ਰਹਿੰਦੇ ਹਨ।

# ਆਲੋਚਨਾ ਪਿੱਛੋਂ ਓਟਵਾ ਨੇ ਹਾਮਾਸ ਜਿਣਸੀ ਹਿੰਸਾ ਪੀੜਤਾਂ ਲਈ ਸਹਾਇਤਾ ਦਾ ਕੀਤਾ ਵਾਅਦਾ

ਓਟਵਾ-ਵਿਦੇਸ਼ ਮਾਮਲਿਆਂ ਦੀ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਕਿ ਕੈਨੇਡਾ ਪਿਛਲੇ ਸਾਲ ਅਕਤੂਬਰ ਵਿਚ ਹਾਮਾਸ ਦੇ ਹਮਲੇ ਦੌਰਾਨ ਜਿਣਸੀ ਹਿੰਸਾ ਦੇ ਪੀੜਤ ਇਸਰਾਈਲੀ ਲੋਕਾਂ ਨੂੰ 10 ਲੱਖ ਡਾਲਰ ਦੀ ਸਹਾਇਤਾ ਦੇਣ ਦਾ ਵਾਅਦਾ ਕਰ ਰਿਹਾ ਹੈ। ਇਸਰਾਈਲੀ ਔਰਤਾਂ ਦੀ ਸਹਾਇਤਾ ਲਈ ਵੱਖ ਵੱਖ ਯਹੂਦੀ ਸੰਗਠਨਾਂ ਨਾਲ ਤਾਲਮੇਲ ਕਰਨ ਵਿਚ ਮਦਦ ਕਰ ਰਹੇ ਸਾਬਕਾ ਰਾਜਸੀ ਸਹਾਇਕ ਕੇਲੀ ਅਜ਼ੀਕੋਵਿਟਜ਼ ਨੇ ਕਿਹਾ ਕਿ ਮੇਰਾ ਖਿਆਲ ਹੈ ਕਿ ਜੋ ਕੁਝ ਵਾਪਰਿਆ ਹੈ ਉਹ ਹਰੇਕ ਗੱਲ ਸਾਹਮਣੇ ਆਉਣ ਵਿਚ ਕਈ ਸਾਲ ਲੱਗ ਜਾਣਗੇ। ਫੈਡਰਲ ਸਰਕਾਰ ਨੇ ਇਹ ਨਹੀਂ ਦੱਸਿਆ ਕਿ ਕਿਸ ਸੰਗਠਨ ਨੂੰ 10 ਲੱਖ ਡਾਲਰ ਦੀ ਸਹਾਇਤਾ ਕਦੋਂ ਮਿਲੇਗੀ। ਕੈਨੇਡਾ ਜਾਂਚ ਵਿਚ ਵੀ ਆਰਸੀਐਮਪੀ ਦੀ ਸਹਾਇਤਾ ਦੀ ਪੇਸ਼ਕਸ਼ ਕਰ ਰਿਹਾ ਹੈ ਭਾਵੇਂ ਇਹ ਗੱਲ ਸਪਸ਼ਟ ਨਹੀਂ ਕਿ ਇਸਰਾਈਲ ਅਧਿਕਾਰੀਆਂ ਨੇ ਕੋਈ ਵਿਸ਼ੇਸ਼ ਬੇਨਤੀ ਕੀਤੀ ਹੈ ਜਾਂ ਨਹੀਂ। ਜੋਲੀ ਨੇ ਪਲੇਟਫਾਰਮ ਐਕਸ ਜਿਸ ਨੂੰ ਪਹਿਲਾਂ ਟਵਿੱਟਰ ਕਰਕੇ ਜਾਣਿਆਂ ਜਾਂਦਾ ਸੀ 'ਤੇ ਉਪਾਵਾਂ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਪੈਸਾ ਉਨ੍ਹਾਂ ਸੰਗਠਨਾਂ ਲਈ ਹੈ ਜਿਹੜੇ ਹਾਮਾਸ ਵਲੋਂ ਕੀਤੀ ਜਿਣਸੀ ਹਿੰਸਾ ਦੇ ਪੀੜਤਾਂ ਲਈ ਸਹਾਇਤਾ ਕਰ ਰਹੇ ਹਨ। ਇਹ ਐਲਾਨ ਤਿੰਨ ਮਹੀਨੇ ਪਹਿਲਾਂ ਵੱਖ ਵੱਖ ਪਾਰਟੀਆਂ ਨਾਲ ਸਬੰਧਤ ਔਰਤਾਂ ਜਿਨ੍ਹਾਂ ਨੇ ਕੈਨੇਡਾ ਵਿਚ ਰਾਜਸੀ ਦਫਤਰ ਸੰਭਾਲੇ ਹੋਏ ਹਨ ਜਿਨ੍ਹਾਂ ਵਿਚ ਸਾਬਕਾ ਫੈਡਰਲ ਕੰਸਰਵੇਟਿਵ ਨੇਤਾ ਰੋਨਾ ਐਮਬਰੋਸ ਅਤੇ ਓਨਟਾਰੀਓ ਦੀ ਸਾਬਕਾ ਲਿਬਰਲ ਪ੍ਰੀਮੀਅਰ ਕੈਥਲੀਨ ਵਿਨ ਸ਼ਾਮਿਲ ਹਨ ਦੇ ਗਰੁੱਪ ਵਲੋਂ ਕੀਤੀ ਬੇਨਤੀ ਨੂੰ ਪੂਰਾ ਕਰਦਾ ਹੈ।

# ਅਮਰੀਕਾ ਦੀ ਰਾਸ਼ਟਰਪਤੀ ਚੋਣ: ਹੁਣ ਮੁਕਾਬਲਾ ਬਾਇਡਨ ਤੇ ਟਰੰਪ ਵਿਚਾਲੇ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵਾਸ਼ਿੰਗਟਨ ਵਿਚ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਲਈ ਹੈ, ਜਦਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਰਿਪਬਲਿਕਨ ਪ੍ਰਾਇਮਰੀ ਚੋਣ ਜਿੱਤ ਕੇ ਆਪਣੀਆਂ ਪਾਰਟੀਆਂ ਤੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਵੱਲ ਕਦਮ ਵਧਾਏ ਹਨ। ਇਨ੍ਹਾਂ ਚੋਣਾਂ ਵਿੱਚ ਬਾਇਡਨ ਅਤੇ ਟਰੰਪ ਦੇ ਸਾਹਮਣੇ ਕੋਈ ਸਖ਼ਤ ਚੁਣੌਤੀ ਨਹੀਂ ਸੀ। ਦੋਵਾਂ ਕੋਲ ਰਾਸ਼ਟਰਪਤੀ ਉਮੀਦਵਾਰੀ ਲਈ ਆਪੋ ਆਪਣੀਆਂ ਪਾਰਟੀਆਂ ਵੱਲੋਂ ਦਾਅਵੇਦਾਰੀਆਂ ਪੇਸ਼ ਕਰਨ ਲਈ ਲੋੜੀਂਦੇ ਡੈਲੀਗੇਟ ਹਨ। ਹੁਣ ਕੋਈ ਸ਼ੱਕ ਨਹੀਂ ਕਿ ਰਾਸ਼ਟਰਪਤੀ ਦੀ ਚੋਣ ਬਾਇਡਨ ਤੇ ਟਰੰਪ ਵਿਚਾਲੇ ਹੋਵੇਗੀ।






mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


# FOR RENT




***Office/Warehouse***
***Corner Unit***
*around 500-2900*
*Square feet*
*available now for Rent*
*on a busy road.*
*Building includes office*
*rooms, three washrooms*
*and a kitchen.*




**Unit 101, 13463,**
**78 Avenue, Surrey,**
**Opposite ICBC Motor**
**Vehicle office**
















**For more information and inquiries call:**

**604-767-5194**


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

THANK YOU FOR MAKING US

2022

Outstanding Achievement

National TOP 20%

PRIVATE MORTGAGES

No Worries... We Can Help!

Easily available Private Mortgage could be just what you need.

★ Up to $5 million available

★ $10,000 to $1 million in just 24 Hours



★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers

invis
Canada's Mortgage Experts™
MORTGAGE INTELLIGENCE®

Call today to get started

SANJEEV KATYAL

604.767.5194

info@katyalmortgage.ca

WWW.KATYALMORTGAGE.CA

# ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਨੇ ਸਿੱਖ ਰਾਜ ਦੀ ਅਣਗੌਲੀ ਵਾਰਿਸ ਦਾ ਸਨਮਾਨ ਕਰਕੇ ਮਹਿਲਾ ਦਿਵਸ ਮਨਾਇਆ

ਸਰੀ (ਹਰਦਮ ਮਾਨ)-ਆਵਰ ਗਲੋਬਲ ਵਿਲੇਜ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਸਿੱਖ ਰਾਜ ਦੀ ਅਣਗੌਲੀ ਵਾਰਿਸ ਰਾਜ ਕੁਮਾਰੀ ਸੋਫੀਆ ਦਾ ਸਨਮਾਨ ਕਰਕੇ ਮਹਿਲਾ ਦਿਵਸ ਮਨਾਇਆ ਗਿਆ। ਸਿੱਖ ਸਾਮਰਾਜ ਵਿੱਚ ਪ੍ਰਚਲਿਤ ਨੈਤਿਕਤਾ ਅਤੇ ਗੁਣਾਂ ਦਾ ਮਾਣ ਵਧਾਉਣ 'ਤੇ ਕੇਂਦ੍ਰਿਤ ਇਸ ਸਮਾਰਗਮ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਰਾਜ ਕੁਮਾਰੀ ਸੋਫੀਆ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਅਤੇ ਮਹਾਰਾਣੀ ਵਿਕਟੋਰੀਆ ਦੀ ਦੋਹਤੀ ਸੀ। ਰਾਜ ਕੁਮਾਰੀ ਸੋਫੀਆ ਇੱਕ ਵਧੀਆ ਪਿਆਨੋ ਵਾਦਕ, ਫੋਟੋਗ੍ਰਾਫਰ, ਇੱਕ ਅਵਾਰਡ ਜੇਤੂ ਕੁੱਤਾ ਬਰੀਡਰ, ਤਜਰਬੇਕਾਰ ਘੋੜ ਸਵਾਰ, ਇੱਕ ਫੈਸ਼ਨ ਆਈਕਨ, ਦਿਆਲੂ ਨਰਸ ਅਤੇ ਯੂ.ਕੇ. ਵਿੱਚ ਸਾਈਕਲ ਚਲਾਉਣ ਵਾਲੀਆਂ ਪਹਿਲੀਆਂ ਕੁਝ ਔਰਤਾਂ ਵਿੱਚੋਂ ਇੱਕ ਸੀ। ਇਸ ਯੋਧਾ ਰਾਜ ਕੁਮਾਰੀ ਨੇ ਬ੍ਰਿਟਿਸ਼ ਔਰਤਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਲਈ ਮਤਾ-ਪਤਾ ਅੰਦੋਲਨ ਦੀ ਅਗਵਾਈ ਕੀਤੀ। ਉਸ ਨੇ ਦਇਆ, ਬਹਾਦਰੀ ਅਤੇ ਰਹਿਮ ਨਾਲ ਜੀਵਨ ਬਤੀਤ ਕੀਤਾ। ਰਾਜ ਕੁਮਾਰੀ ਸੋਫੀਆ ਬਰਾਬਰੀ, ਨਿਆਂ ਅਤੇ ਨਿਰਪੱਖਤਾ ਲਈ ਆਪਣੇ ਦਾਦਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਾਂਗ ਖੜ੍ਹੀ ਰਹੀ ਅਤੇ ਕੁਰਬਾਨੀ ਦਿੱਤੀ।







ਸਮਾਰਗਮ ਦੇ ਦੂਜੇ ਹਿੱਸੇ ਵਿੱਚ ਇਤਿਹਾਸ ਵਿੱਚ ਪਹਿਲੀ ਵਾਰ, ਰਾਜਕੁਮਾਰੀ ਸੋਫੀਆ ਦੇ ਨਾਮ ਤੇ ਰੱਖਿਆ ਗਿਆ ਇੱਕ ਪੁਰਸਕਾਰ 'ਪ੍ਰਿੰਸੇਸ ਸੋਫੀਆ ਦਲੀਪ ਸਿੰਘ ਲੀਗੇਸੀ ਅਵਾਰਡ' ਤਿੰਨ ਜੇਤੂ ਔਰਤਾਂ ਨੂੰ ਦਿੱਤਾ ਗਿਆ। ਇਨ੍ਹਾਂ ਵਿਚ 'ਟ੍ਰੇਲਬਲੇਜ਼ਰ ਵਿਰਾਸਤੀ ਪੁਰਸਕਾਰ' ਵੈਟਰਨ ਸਰਜਨ ਬਣਨ ਵਾਲੀ ਪਹਿਲੀ ਮਹਿਲਾ, ਵੈਟਰਨਰੀ ਸਰਜਰੀ ਵਿੱਚ ਪੀਐਚਡੀ ਪੂਰੀ ਕਰਨ ਵਾਲੀ ਪਹਿਲੀ ਮਹਿਲਾ ਹੋਣ ਅਤੇ ਸਰੀ ਵਿੱਚ ਪਹਿਲਾ ਵੈਟ ਕਲੀਨਿਕ ਖੋਲ੍ਹਣ ਲਈ ਡਾ. ਅਮਨਦੀਪ ਕੌਰ ਨੂੰ ਦਿੱਤਾ ਗਿਆ, 'ਕਮਿਊਨਿਟੀ ਸਰਵਿਸ ਲੀਗੇਸੀ ਐਵਾਰਡ' ਬਜ਼ੁਰਗਾਂ 'ਤੇ ਵਿਸ਼ੇਸ਼ ਧਿਆਨ ਕੇਂਦ੍ਰਿਤ ਕਰਦੇ ਹੋਏ 35 ਸਾਲਾਂ ਤੋਂ ਵੱਧ ਕਮਿਊਨਿਟੀ ਸੇਵਾ ਪ੍ਰਦਾਨ ਕਰਨ ਲਈ ਦਵਿੰਦਰ ਕੌਰ ਜੌਹਲ ਨੂੰ ਦਿੱਤਾ ਗਿਆ ਅਤੇ 'ਕਮਿਊਨਿਟੀ ਗਾਈਡੈਂਸ ਲੀਗੇਸੀ ਅਵਾਰਡ' 35 ਸਾਲਾਂ ਤੋਂ ਵੱਧ ਸਮੇਂ ਤੋਂ ਕਮਿਊਨਿਟੀ ਨੂੰ ਵਿੱਤੀ ਮਾਰਗ ਦਰਸ਼ਨ ਕਰਨ ਲਈ ਅਤੇ ਵਿਸ਼ੇਸ਼ ਤੌਰ 'ਤੇ ਪਰਿਵਾਰਾਂ ਨੂੰ ਉਨ੍ਹਾਂ ਦੀ ਪਹਿਲੀ ਮੌਰਗੇਜ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਜਸ ਕੁਲਾਰ ਨੂੰ ਦਿੱਤਾ ਗਿਆ।

ਐਮ.ਪੀ. ਰਣਦੀਪ ਸਰਾਏ, ਇਸ ਸਮਾਰਗਮ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਫਾਊਂਡੇਸ਼ਨ ਦਾ ਇੱਕ ਸੁਨੇਹਾ ਪ੍ਰਧਾਨ ਮੰਤਰੀ ਦਫਤਰ ਤੱਕ ਪਹੁੰਚਾਉਣ ਲਈ ਕਿਹਾ ਗਿਆ ਕਿ ਕੁੜੀਆਂ ਅਤੇ ਔਰਤਾਂ ਮਾਹਵਾਰੀ ਦੇ ਨਾਲ-ਨਾਲ ਮੀਨੋਪਾਜ਼ ਦੌਰਾਨ ਦਰਦ/ਪੀੜਾ/ਬਿਮਾਰ ਸਿਹਤ ਦਾ ਪ੍ਰਬੰਧ ਕਰਨ ਲਈ ਕੁਝ ਭੁਗਤਾਨ ਸਹਿਤ ਬਿਮਾਰ ਦਿਨਾਂ ਛੁੱਟੀਆਂ ਦਿੱਤੀਆਂ ਜਾਣ। ਸਿੱਖਿਆ ਅਤੇ ਬਾਲ ਸੰਭਾਲ ਮੰਤਰੀ ਬੀ.ਸੀ. ਰਚਨਾ ਸਿੰਘ ਅਣਕਿਆਸੇ ਕਾਰਨਾਂ ਕਰਕੇ ਸਮਾਗਮ ਵਿਚ ਹਾਜ਼ਰ ਨਹੀਂ ਹੋ ਸਕੇ ਅਤੇ ਉਨ੍ਹਾਂ ਹਾਜ਼ਰੀਨ ਲਈ ਇੱਕ ਉਤਸ਼ਾਹਜਨਕ ਸੰਦੇਸ਼ ਭੇਜਿਆ। ਫਾਊਂਡੇਸ਼ਨ ਵੱਲੋਂ ਮੀਰਾ ਗਿੱਲ ਨੇ ਇਸ ਸਮਾਰਗਮ ਅਤੇ ਜਾਗਰੂਕਤਾ ਬਾਰੇ ਸੰਦੇਸ਼ ਦੂਰ-ਦੂਰ ਤੱਕ ਫੈਲਾਉਣ ਲਈ ਸਾਰੇ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ ਉਨ੍ਹਾਂ ਵਿਸ਼ੇਸ਼ ਸਹਿਯੋਗ ਲਈ ਕੁਲਤਾਰਜੀਤ ਸਿੰਘ ਥਿਆੜਾ ਦੀ ਪ੍ਰਸ਼ੰਸਾ ਕੀਤੀ। ਵੰਜਾਰਾ ਨੋਮਡ ਕਲੈਕਸ਼ਨਜ਼ ਨੇ ਸਰੀ ਮਿਊਜ਼ੀਅਮ ਵਿਖੇ ਲਾਹੌਰ ਤੋਂ ਲੰਡਨ ਦੇ ਗਾਈਡਡ ਟੂਰ: 'ਜਰਨੀ ਆਫ਼ ਚੜ੍ਹਦੀ ਕਲਾ' ਪ੍ਰਦਰਸ਼ਨੀ ਲਈ ਮਹਿਮਾਨਾਂ ਦੀ ਮੇਜ਼ਬਾਨੀ ਕਰਕੇ ਪ੍ਰਬੰਧਕਾਂ ਦਾ ਮਾਣ ਵਧਾਇਆ। ਹਰਦੇਵ ਐੱਸ. ਗਰੇਵਾਲ ਨੇ ਮਹਿਮਾਨਾਂ ਲਈ ਸਰੀ ਮਿਊਜ਼ੀਅਮ ਤੋਂ ਆਉਣ-ਜਾਣ ਲਈ ਬੱਸ ਸੇਵਾ ਦਾ ਪ੍ਰਬੰਧ ਕੀਤਾ। ਸਮੁੱਚਾ ਪ੍ਰੋਗਰਾਮ ਸਿੱਖ ਸਾਮਰਾਜ ਵਿੱਚ ਪ੍ਰਚਲਿਤ ਨੈਤਿਕਤਾ ਅਤੇ ਗੁਣਾਂ ਦਾ ਮਾਣ ਵਧਾਉਣ ਲਈ ਜਾਗਰੂਕਤਾ ਫੈਲਾਉਣ 'ਤੇ ਕੇਂਦ੍ਰਿਤ ਸੀ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562



# "ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾ" ਗਾਣੇ ਨੇ ਵਾਇਰਲ ਵਾਲੀ ਕਰਵਾਈ ਅੱਤ-ਚਰਚਿਤ ਹੋਏ ਸਤਨਾਮ ਸਾਗਰ ਤੇ ਸ਼ੰਮੀ

ਅੰਮ੍ਰਿਤ ਪਵਾਰ

ਜਿਸ ਪਾਸੇ ਦੇਖੋ ਸੋਸ਼ਲ ਮੀਡੀਆ ਤੇ "ਸਾਗਰ ਦੀ ਵਹੁਟੀ ਲੈਂਦੀ ਇੰਡੀਕਾ ਚਲਾ" ਗੀਤ ਦੇ ਚਰਚੇ ਹਨਾਰੀਲਾਂ ਬਣ ਆ ਰਹੀਆਂ ਨੇ ਤੇ ਗਾਣਾ ਵਾਇਰਲ ਇਜ ਹੋਇਆ ਜਿਵੇਂ "ਮੋਦੀ ਕੀ ਗਰੰਟੀ" ਤੇ ਹਰ ਅਖ਼ਬਾਰ ,ਚੈਨਲ ਸਤਨਾਮ ਸਾਗਰ ਤੇ ਸ਼ਰਨਜੀਤ ਸ਼ੰਮੀ ਦਾ ਇੰਟਰਵਿਊ ਕਰ ਰਿਹਾ ਹੈ ।ਆਓ ਮਿਲੋ ਤੁਸੀਂ ਵੀ ਸਤਨਾਮ ਸਾਗਰ ਨੂੰ ਜਿਹੜਾ ਅੰਮ੍ਰਿਤਸਰ ਰਹਿ ਰਿਹਾ।ਇੱਕ ਟਾਈਮ ਸੀ ਅਖਾੜਾ ਹੀ ਸਾਗਰ ਦਾ ਲੱਗਦਾ ਸੀ।ਸੰਗੀਤ ਕੰਪਨੀਆਂ ਓਸ ਪਿੱਛੇ ਪਿੱਛੇ ਮੂੰਹ ਮੰਗੇ ਨੋਟ ਲਈ ਫਿਰਦੀਆਂ ਸਨ । ਫਿਰ ਵੀ ਓਸ ਯਾਰੀ ਗੁਰਦਾਸਪੁਰ ਦੀ ਵੀ ਡੀ ਬੀ ਕੰਪਨੀ ਨਾਲ ਨਿਭਾਈ ਸੀ ਹਾਲਾਂ ਕਿ ਗਾਣੇ ਟੀਸਿਰੀਜ ਵਿੱਚ ਵੀ ਆਏ।ਸਾਗਰ ਦਰਿਆਦਿਲ ਬੰਦਾ ਓਸ ਅੰਮ੍ਰਿਤਸਰ ਦੇ ਕਲਾਕਾਰਾਂ ਨੂੰ ਪਾਰਟੀਆਂ ਦੇਣੀਆਂ।ਓਸ ਤੇ ਕੁੱਝ ਅਸਭਾਯਕ ਗੀਤ ਗਾਉਣ ਦੇ ਦੋਸ਼ ਵੀ ਲੱਗੇ ਪਰ " ਫੁੱਲਾਂ ਵਾਲੀ ਰਜਾਈ " ਸੁਪਰ ਹਿੱਟ ਗਾਣਾ ਰਿਹਾ






" ਕੱਦੂ ਮਾਰ " ਹਿੱਟ।ਓਹ ਪੇਂਡੂ ਸਮਾਜ ਦੇ ਗਾਉਂਦਾ ਰਿਹਾ।ਯਾਰੀਆਂ ਖਾਤਿਰ ਪੈਸੇ ਲੁਟਾ ਓਹ ਗੁੰਮਨਾਮੀ ਦੇ ਦੌਰ ਵਿੱਚ ਵੀ ਗਿਆ।ਅਚਾਨਕ ਓਸ ਦਾ ਪਿਛਲਾ ਇੱਕ ਦੋਗਾਣਾ ਨਵੇਂ ਸਿਰੇ ਤੋਂ ਕੀ ਆਇਆ ਕਿ ਅੱਜ ਸਾਗਰ ਦੀ ਵੋਹਟੀ ਗਾਣੇ ਦੀ ਹੀ ਚਰਚਾ ਹੈ ।ਅਜੇ ਸਿੰਘ ਨਿਰਦੇਸ਼ਕ ਨਾਲ ਓਸ ਦਾ ਪਿਆਰ ਹੈ।ਸ਼ੰਮੀ ਖਾਂ ਓਸ ਨਾਲ ਅੱਜ ਕਲ ਮਿਲ ਰਿਹਾ।ਸ਼ੰਮੀ ਓਸ ਦੀ ਧਰਮ ਪਤਨੀ ਹੈ।ਕਦੇ ਇੱਕ ਅਖ਼ਬਾਰ ਦੇ ਅੱਧੇ ਸਫ਼ੇ ਤੇ ਸਾਗਰ ਦੀ ਮਸ਼ਹੂਰੀ ਹੁੰਦੀ ਸੀ।ਓਹ ਪੜ੍ਹਿਆ ਨਹੀਂ ਪਰ ਗਾਣੇ ਆਪ ਲਿਖਦਾ ਤੇ ਗਾਣੇ ਜਿਹੜਾ ਓਸ ਨਾਲ ਬੀਤਦਾ ਹੈ।ਨਿਮਾਣਾ ਬਣ ਜਾਂਦਾ ਹੈ ,ਸਰੋਤੇ ਓਸ ਲਈ ਰੱਬ ਹਨ।ਇਸ " ਸਾਗਰ ਦੀ ਵੋਹਟੀ " ਦੋਗਾਣੇ ਨੇ ਸਤਨਾਮ ਸਾਗਰ ਨੂੰ ਫਿਰ ਖੜਾ ਕਰ ਦਿੱਤਾ ਹੈ ਕਿਸਮਤ ,ਲਿਖੇ ਕਰਮ ਅਨੁਸਾਰ ਕੁਦਰਤ ਫਲ ਦਿੰਦੀ ਹੈ ਇਹ ਦਿਖਾਈ ਦੇ ਰਿਹਾ ਹੈ ।ਘਰ ਵਿੱਚ ਜਨਾਨੀਆਂ ਅਕਸਰ ਇਹ ਗੀਤ ਗਾ ਰਹੀਆਂ ਹਨ ।," ਸਾਗਰ ਦੀ ਵੋਹਟੀ ਦੀ ਬੱਲੇ ਬੱਲੇ ਹੋਈ ਪਈ ਹੈ । ਇੱਥੋਂ ਤੱਕ ਕਿ ਸਾਗਰ ਦੇ ਫ਼ੋਨ ਹੁਣ ਓਸ ਦਾ ਭਰਾ ਜਾਂ ਮੁੰਡਾ ਚੁੱਕਦਾ ਹੈ ਤੇ ਕਈ ਇੰਟਰਵਿਊ ਲਈ ਲਾਈਨ ਵਿੱਚ ਲੱਗੇ ਹੋਏ ਹਨ।ਓਹ ਹੀ ਸਾਗਰ ਜਿਸ ਦੇ ਗੀਤਾਂ ਤੇ ਬਹੁਤ ਕਿੰਤੂ ਪ੍ਰੰਤੂ ਹੁੰਦੇ ਸਨ ਤੇ ਅੱਜ ਮੀਡੀਆ ਓਸ ਨੂੰ ਹੀਰੋ ਬਣਾ ਰਿਹਾ ਹੈ।

## ਸਾਬਕਾ ਮੰਤਰੀ ਧਰਮਸੋਤ ਦੀ ਕਰੋੜਾਂ ਦੀ ਸੰਪਤੀ ਜ਼ਬਤ

ਚੰਡੀਗੜ੍ਹ-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਉਨ੍ਹਾਂ ਦੇ ਪੁੱਤਰਾਂ ਦੀਆਂ 4.58 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਹੈ। ਈਡੀ ਨੇ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਅਸਥਾਈ ਤੌਰ 'ਤੇ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਐਕਟ, 1988 ਦੇ ਤਹਿਤ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਖਿਲਾਫ ਐਫਆਈਆਰ ਦਰਜ ਕੀਤੀ ਸੀ ਜਿਸ ਦੇ ਅਧਾਰ 'ਤੇ ਈਡੀ ਨੇ ਪੜਤਾਲ ਕੀਤੀ ਸੀ। ਕੇਂਦਰੀ ਏਜੰਸੀ ਨੇ ਕਾਲੇ ਧਨ ਨੂੰ ਕਾਨੂੰਨੀ ਬਣਾਉਣ ਸਬੰਧੀ 'ਮਨੀ ਲਾਂਡਰਿੰਗ ਰੋਕੂ ਕਾਨੂੰਨ' (ਪੀਐਮਐਲਏ) ਦੇ ਤਹਿਤ ਜਾਂਚ ਵਿੱਚ ਪਾਇਆ ਕਿ ਸਾਬਕਾ ਮੰਤਰੀ ਧਰਮਸੋਤ ਨੇ ਪਹਿਲੀ ਮਾਰਚ, 2016 ਤੋਂ 31 ਮਾਰਚ, 2022 ਤੱਕ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦਾਂ ਬਣਾਈਆਂ ਹਨ। ਜਦੋਂ ਧਰਮਸੋਤ ਜੰਗਲਾਤ ਮੰਤਰੀ ਸਨ ਉਦੋਂ ਪ੍ਰਾਪਤ ਜਾਇਦਾਦਾਂ ਨੂੰ ਵੀ ਇਸ ਜਾਂਚ ਵਿਚ ਸ਼ਾਮਿਲ ਕੀਤਾ ਗਿਆ ਹੈ। ਈਡੀ ਜਲੰਧਰ ਨੇ 13 ਮਾਰਚ, 2024 ਨੂੰ ਸਾਧੂ ਸਿੰਘ ਧਰਮਸੋਤ ਦੀਆਂ 4.58 ਕਰੋੜ ਰੁਪਏ ਦੀਆਂ ਵੱਖ-ਵੱਖ ਜਾਇਦਾਦਾਂ ਨੂੰ ਆਰਜ਼ੀ ਤੌਰ 'ਤੇ ਜ਼ਬਤ ਕੀਤਾ ਹੈ ਜੋ ਪੀਐਮਐਲਏ ਦੀਆਂ ਧਾਰਾਵਾਂ ਤਹਿਤ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰਾਂ ਦੀ ਮਲਕੀਅਤ ਹਨ। ਜ਼ਬਤ ਕੀਤੀਆਂ ਸੰਪਤੀਆਂ ਵਿਚ ਚਾਰ ਅਚੱਲ ਸੰਪਤੀਆਂ ਸ਼ਾਮਲ ਹਨ ਜਿਨ੍ਹਾਂ ਵਿੱਚ ਦੋ ਰਿਹਾਇਸ਼ੀ ਪਲਾਟ, ਇੱਕ ਰਿਹਾਇਸ਼ੀ ਮਕਾਨ ਅਤੇ ਇੱਕ ਰਿਹਾਇਸ਼ੀ ਫਲੈਟ ਪੰਜਾਬ ਵਿੱਚ ਅਤੇ ਚੱਲ ਜਾਇਦਾਦਾਂ ਸਮੇਤ ਬੈਂਕ ਬੈਲੈਂਸ ਅਤੇ ਮਿਊਚਅਲ ਫੰਡਾਂ ਵਿੱਚ ਨਿਵੇਸ਼ ਸ਼ਾਮਲ ਹਨ। ਈਡੀ ਦੀ ਜਾਂਚ ਅਨੁਸਾਰ ਧਰਮਸੋਤ ਨੇ ਕੁੱਲ 6.34 ਕਰੋੜ ਰੁਪਏ ਦੀ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਹਾਸਲ ਕੀਤੀ ਹੈ।

## ਕੈਨੇਡਾ ਤੋਂ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲੇ 3 ਭਾਰਤੀਆਂ ਸਣੇ 4 ਗ੍ਰਿਫ਼ਤਾਰ

ਵਾਸ਼ਿੰਗਟਨ-ਕੈਨੇਡਾ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਘੱਟੋ-ਘੱਟ ਤਿੰਨ ਭਾਰਤੀਆਂ ਸਮੇਤ ਚਾਰ ਵਿਅਕਤੀਆਂ ਨੂੰ ਕੈਨੇਡੀਅਨ ਸਰਹੱਦ ਨੇੜੇ ਗ੍ਰਿਫ਼ਤਾਰ ਕੀਤਾ ਗਿਆ ਹੈ। ਯੂਐੱਸ ਬਾਰਡਰ ਪੈਟਰੋਲ ਨੇ ਉਸ ਸਮੇਂ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦੋਂ ਉਨ੍ਹਾਂ ਬੈਫਲੋ ਸ਼ਹਿਰ ਦੇ ਅੰਤਰਰਾਸ਼ਟਰੀ ਰੇਲਮਾਰਗ ਪੁਲ 'ਤੇ ਚੱਲਦੀ ਮਾਲ ਗੱਡੀ ਤੋਂ ਛਾਲ ਮਾਰ ਦਿੱਤੀ। ਚੌਥਾ ਵਿਅਕਤੀ ਡੋਮਿਨਿਕਨ ਰਿਪਬਲਿਕ ਦਾ ਨਾਗਰਿਕ ਹੈ। ਜਿਵੇਂ ਹੀ ਪੁਲੀਸ ਨੇੜੇ ਪਹੁੰਚੀ ਤਾਂ ਇਹ ਵਿਅਕਤੀ ਜ਼ਖ਼ਮੀ ਔਰਤ ਨੂੰ ਛੱਡ ਕੇ ਫ਼ਰਾਰ ਹੋ ਗਏ। ਪੁਲੀਸ ਨੇ ਪਿੱਛਾ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਔਰਤ ਨੂੰ ਐਂਬੂਲੈਂਸ ਰਾਹੀਂ ਸਥਾਨਕ ਮੈਡੀਕਲ ਸੈਂਟਰ ਲਿਜਾਇਆ ਗਿਆ। ਜਾਂਚ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਚਾਰਾਂ ਕੋਲ ਕੋਈ ਦਸਤਾਵੇਜ਼ ਨਹੀਂ ਸਨ। ਤਿੰਨੋਂ ਆਦਮੀਆਂ ਨੂੰ ਬਟਾਵੀਆ ਫੈਡਰਲ ਨਜ਼ਰਬੰਦੀ ਕੇਂਦਰ ਵਿੱਚ ਰੱਖਿਆ ਗਿਆ ਹੈ, ਜਿੱਥੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਸੁਣਵਾਈ ਤੱਕ ਰੱਖਿਆ ਜਾਵੇਗਾ।


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

# ਜ਼ਰੂਰ ਕਰੋ ਮੂੰਹ ਦੀ ਸਫ਼ਾਈ

ਕਿਸੇ ਵਿਅਕਤੀ ਦੇ ਮੂੰਹ ਦੇ ਅੰਦਰੂਨੀ ਹਿੱਸਿਆਂ ਦੇ ਲੱਛਣਾਂ ਤੋਂ ਵੀ ਉਸ ਦੀ ਸਰੀਰਕ ਤੰਦਰੁਸਤੀ ਦਾ ਪਤਾ ਲੱਗ ਸਕਦਾ ਹੈ। ਦਰਅਸਲ ਅਜਿਹੇ ਅਨੇਕਾਂ ਸਰੀਰਕ ਰੋਗ ਹਨ, ਜਿਹੜੇ ਇਨਸਾਨ ਦੇ ਮੂੰਹ ਦੀਆਂ ਬਿਮਾਰੀਆਂ ਦੇ ਕਾਰਨ ਬਣਦੇ ਹਨ।

ਜਿਵੇਂ ਸ਼ੂਗਰ ਦੇ ਰੋਗ ਕਾਰਨ ਆਦਮੀ ਦੇ ਮੂੰਹ ਵਿਚਲੇ ਥੁੱਕ (ਸਲਾਈਵਾ) ਵਿਚ ਖੰਡ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਕਾਰਨ ਉੱਥੇ ਜੀਵਾਣੂਆਂ ਦੀ ਲਾਗ ਲੱਗਣ ਕਾਰਨ ਦੰਦਾਂ ਨੂੰ ਖੋਰਾ ਲੱਗ ਜਾਂਦਾ ਹੈ ਤੇ ਮਸੂੜੇ ਵੀ ਸੁੱਜ ਜਾਂਦੇ ਹਨ। ਇਸੇ ਤਰ੍ਹਾਂ ਏਡਜ਼ ਦੇ ਰੋਗੀ 'ਚ ਉਸ ਦੀ ਰੋਗ ਰੱਖਿਅਤ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ, ਜਿਸ ਕਾਰਨ ਉਸ ਦੇ ਮੂੰਹ ਵਿਚ ਜੀਵਾਣੂਆਂ ਅਤੇ ਫੰਗਸ ਦੀ ਲਾਗ ਲੱਗ ਸਕਦੀ ਹੈ। ਆਮ ਤੌਰ 'ਤੇ ਬਜ਼ੁਰਗਾਂ 'ਚ ਹੋਣ ਵਾਲਾ ਓਸਟੀਓਪਰੋਸਿਸ ਅਜਿਹਾ ਰੋਗ ਹੈ, ਜਿਸ ਵਿਚ ਹੱਡੀਆਂ ਭੁਰਭੁਰੀਆਂ ਤੇ ਕਮਜ਼ੋਰ ਹੋ ਜਾਂਦੀਆਂ ਹਨ। ਅਜਿਹੇ ਰੋਗੀਆਂ ਦੀਆਂ ਜਬਾੜੇ ਦੀਆਂ ਹੱਡੀਆਂ ਖੋਖਲੀਆਂ ਹੋ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਦੰਦ ਕਮਜ਼ੋਰ ਹੋ ਕੇ ਡਿੱਗ ਜਾਂਦੇ ਹਨ।

ਉਕਤ ਕੁਝ ਕਾਰਨਾਂ ਤੋਂ ਇਲਾਵਾ ਮੂੰਹ ਦੇ ਰੋਗਾਂ ਦੇ ਹੋਰ ਵੀ ਅਨੇਕਾਂ ਕਾਰਨ ਹਨ। ਦੰਦਾਂ ਦੇ ਮਾਹਿਰ ਡਾਕਟਰਾਂ ਦਾ ਕਹਿਣਾ ਹੈ ਕਿ ਮੂੰਹ ਦੇ ਰੋਗਾਂ ਲਈ ਸਾਡਾ ਖਾਣ-ਪੀਣ ਤੇ ਜੀਵਨ ਢੰਗ ਵੀ ਜ਼ਿੰਮੇਵਾਰ ਹਨ। ਡਾਕਟਰਾਂ ਅਨੁਸਾਰ ਜੇ ਖੰਡ-ਯੁਕਤ ਭੋਜਨ ਜ਼ਿਆਦਾ ਮਾਤਰਾ ਵਿਚ ਲਿਆ ਜਾਵੇ ਤਾਂ ਮੂੰਹ ਵਿਚਲੇ ਜੀਵਾਣੂ ਵਧੇਰੇ ਮਾਤਰਾ ਵਿਚ ਤੇਜ਼ਾਬ ਪੈਦਾ ਕਰ ਕੇ ਦੰਦਾਂ ਅਤੇ ਦਾੜ੍ਹਾਂ ਵਿਚ ਛੇਕ ਕਰ ਦਿੰਦੇ ਹਨ। ਇਸੇ ਤਰ੍ਹਾਂ ਮੂੰਹ ਦੀ ਸਫਾਈ ਜੇ ਸਹੀ ਢਾਂਗ ਨਾਲ ਨਾ ਕੀਤੀ ਜਾਵੇ ਤਾਂ ਦੰਦਾਂ ਅਤੇ ਮਸੂੜਿਆਂ ਉੱਤੇ 'ਪਲਾਕ' ਨਾਂਅ ਦੀ ਸਖ਼ਤ ਪਰਤ ਜੰਮ ਜਾਂਦੀ ਹੈ, ਜਿਸ ਨਾਲ ਮਸੂੜੇ ਸੁੱਜ ਜਾਂਦੇ ਹਨ ਤੇ ਉਨ੍ਹਾਂ ਵਿਚੋਂ ਖ਼ੂਨ ਰਿਸਣ ਲੱਗ ਜਾਂਦਾ ਹੈ।

ਉਕਤ ਗੱਲਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੂੰਹ ਦੀ ਸਫ਼ਾਈ ਦਾ ਧਿਆਨ ਰੱਖਣਾ ਕਿੰਨਾ ਜ਼ਰੂਰੀ ਹੈ। ਦਿਨ 'ਚ ਦੋ ਵਾਰ ਬੁਰਸ਼ ਕਰਨਾ ਚਾਹੀਦਾ ਹੈ। ਜੀਭ 'ਤੇ ਇਕੱਠੀ ਹੋਈ ਮੈਲ ਨੂੰ ਵੀ ਸਾਫ਼ ਕਰਨਾ ਜ਼ਰੂਰੀ ਹੁੰਦਾ ਹੈ। ਦੰਦਾਂ ਵਿਚਕਾਰ ਫਸੇ ਭੋਜਨ ਕਣਾਂ ਨੂੰ ਧਾਗੇ ਦੀ ਮਦਦ ਨਾਲ ਕੱਢਿਆ ਜਾਵੇ। ਲੋੜ ਪੈਣ 'ਤੇ ਮਾਊਥ ਵਾਸ਼ ਦੀ ਵਰਤੋਂ ਕੀਤੀ ਜਾਵੇ।



# ਕਿਵੇਂ ਦੂਰ ਕਰੀਏ ਅੱਖਾਂ ਦੇ ਕਾਲੇ ਧੱਬੇ

ਚਮਕਾਦਰ ਅੱਖਾਂ ਮੁੱਖ ਦੇ ਚਿਹਰੇ ਦੀ ਸੁੰਦਰਤਾ ਨਹੀਂ ਵਧਾਉਂਦੀਆਂ ਸਗੋਂ ਉਸ ਦੀ ਸ਼ਖਸੀਅਤ ਨੂੰ ਵੀ ਉਜਾਗਰ ਕਰਦੀਆਂ ਹਨ। ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਨਾਲ



ਵਿਅਕਤੀ ਦਾ ਆਤਮ ਵਿਸ਼ਵਾਸ ਵੱਧਦਾ ਹੈ ਤੇ ਆਤਮ ਵਿਸ਼ਵਾਸ ਹੀ ਕਾਮਯਾਬੀ ਦਾ ਆਧਾਰ ਹੁੰਦਾ ਹੈ। ਅਸਲ ਵਿਚ ਅੱਖਾਂ ਹੀ ਮਨੁੱਖ ਦੀ ਅੰਦਰੂਨੀ ਸੁੰਦਰਤਾ ਤੇ ਉਸ ਦੀ ਸ਼ਖਸੀਅਤ ਨੂੰ ਬਿਆਨ ਕਰਦੀਆਂ ਹਨ। ਆਓ! ਜਾਣੀਏ ਕਾਰਨ ਤੇ ਠੀਕ ਕਰਨ ਦੇ ਉਪਾਅ—

### ਕਾਰਨ

- ਧੁੱਪ ਵਿਚਲੀ ਯੂਵੀ (ਅਲਟਰਾ ਵਾਇਲਟ) ਕਿਰਨਾਂ।
- ਤਣਾਅ ਭਰਿਆ ਜੀਵਨ ਢੰਗ।
- ਕੁਪੋਸ਼ਣ ਜਾਂ ਅਸੰਤੁਲਿਤ ਭੋਜਨ, ਵਿਰਸੇ ਜਾਂ ਖਾਨਦਾਨੀ ਕਾਰਨ।
- ਖ਼ੂਨ ਦੀ ਕਮੀ ਦਾ ਹੋਣਾ।
- ਚਮੜੀ ਦਾ ਰੋਗ ਡਰਮੇਟਾਈਟਸ।
- ਐਲਰਜੀ ਦਾ ਹੋਣਾ।
- ਨੀਂਦ ਦੀ ਘਾਟ।
- ਸਰੀਰਕ ਜਾਂ ਮਾਨਸਿਕ ਥਕਾਨ।
- ਅੱਖਾਂ ਨੂੰ ਜ਼ਿਆਦਾ ਰਗੜਨਾ।
- ਗਲੂਕੋਮਾ (ਅਖਾਂ ਦੀ ਬਿਮਾਰੀ) ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਅੱਖਾਂ ਦੇ ਦੁਆਲੇ ਵੱਡੇ ਧੱਬੇ ਪੈਦਾ ਕਰਦੀਆਂ ਹਨ।
- ਘੱਟ ਮਾਤਰਾ ਵਿਚ ਪਾਣੀ ਪੀਣਾ।

### ਦੂਰ ਕਰਨ ਦੇ ਉਪਾਅ

- ਸਿੱਧੀ ਧੁੱਪ ਤੋਂ ਬਚਣਾ ਚਾਹੀਦਾ।
- ਦਿਨ ਵਿਚ ਦੋ ਤਿੰਨ ਵਾਰ ਤਾਜ਼ੇ ਪਾਣੀ ਦੇ ਛਿੱਟੇ ਮਾਰਨੇ ਚਾਹੀਦੇ।
- ਖ਼ੂਨ ਦੀ ਕਮੀ ਨੂੰ ਦੂਰ ਕਰਨ ਲਈ ਪਾਲਕ, ਤਾਜ਼ੀਆਂ ਸਬਜ਼ੀਆਂ ਤੇ ਫਲ ਖਾਣਾ।
- ਭਰਪੂਰ ਨੀਂਦ ਲੈਣਾ।
- ਜ਼ਿਆਦਾ ਪਾਣੀ ਪੀਣਾ।
- ਘਰ ਤੋਂ ਬਾਹਰ ਜਾਣ ਲੱਗਿਆਂ ਮੌਇਸਚਰਾਈਜ਼ਰ ਚਿਹਰੇ ਉੱਤੇ ਲਗਾਉਣਾ।
- ਸੌਣ ਤੋਂ ਪਹਿਲਾਂ ਬਾਦਾਮ ਦੇ ਤੇਲ 'ਚ ਵਿਟਾਮਿਨ ਸੀ ਤੇ ਈ ਮਿਲਾ ਕੇ ਅੱਖਾਂ ਦੀ ਮਾਲਿਸ਼ ਕਰਨਾ।
- ਸਿਰ ਹੇਠ ਸਿਰਹਾਣਾ ਰੱਖ ਕੇ ਸੌਣਾ।
- ਖੀਰੇ ਦੇ ਟੁਕੜੇ ਅੱਖਾਂ ਤੇ ਰੱਖਣਾ।
- ਤਣਾਅ ਮੁਕਤ ਜੀਵਨ।
- ਰੁਮਾਲ ਗਿੱਲਾ ਕਰਕੇ ਅੱਖਾਂ ਦੀ ਹਲਕੀ ਮਾਲਿਸ਼ ਕਰਨਾ।
- ਧੁੱਪ ਵਿਚ ਐਨਕ ਜਾਂ ਚਸ਼ਮੇ ਦੀ ਵਰਤੋਂ ਕਰਨਾ।
- ਠੰਢੇ ਦੁੱਧ ਵਿਚ ਕੱਪੜਾ ਗਿੱਲਾ ਕਰਕੇ ਅੱਖਾਂ ਉੱਤੇ ਰੱਖਣਾ।
- ਸ਼ਰਾਬ ਦੀ ਵਰਤੋਂ ਘਟਾਉਣਾ।
- ਨਾਰੀਅਲ ਤੇਲ ਦੀ ਮਾਲਿਸ਼।

ਉਕਤ ਉਪਾਅ ਕਰਦਿਆਂ ਧਿਆਨ ਰੱਖਿਆ ਜਾਵੇ ਕਿ ਅੱਖਾਂ ਨੂੰ ਜ਼ਿਆਦਾ ਦਬਾਇਆ ਨਾ ਜਾਵੇ ਤੇ ਨਾ ਹੀ ਗਲਤੀ ਨਾਲ ਕੋਈ ਵਸਤੂ ਅੱਖਾਂ ਦੇ ਅੰਦਰ ਚਲੀ ਜਾਵੇ।

# ਇਨ੍ਹਾਂ ਨੁਸਖਿਆਂ ਨਾਲ ਪਿੰਪਲਜ਼ ਤੋਂ ਪਾਓ ਛੁਟਕਾਰਾ

ਹਾਰਮੋਨਲ ਬਦਲਾਅ, ਤੇਲਯੁਕਤ ਚਮੜੀ, ਬਿਊਟੀ ਪ੍ਰੋਡਕਟਸ ਦੀ ਜ਼ਿਆਦਾ ਵਰਤੋਂ, ਸਰੀਰ 'ਚ ਮੌਜੂਦ ਜ਼ਹਿਰੀਲੇ ਤੱਤ, ਧੂੜ ਅਤੇ ਪ੍ਰਦੂਸ਼ਣ ਚਿਹਰੇ 'ਤੇ ਮੁਹਾਸੇ ਹੋਣ ਦੇ ਸਭ ਤੋਂ ਵੱਡੇ ਕਾਰਨ ਹਨ। ਮੁਹਾਸੇ ਦੇ ਬਾਅਦ ਚਿਹਰੇ 'ਤੇ ਧੱਬੇ ਅਤੇ ਦਾਗ ਧੱਬੇ ਨੂੰ ਹਾਈਪਰਪਿਗਮੈਂਟੇਸ਼ਨ ਕਿਹਾ ਜਾਂਦਾ ਹੈ। ਜੇਕਰ ਮੁਹਾਸਿਆ ਨਾਲ ਜ਼ਬਰਦਸਤੀ ਨਾ ਕੀਤੀ ਜਾਵੇ, ਤਾਂ ਉਹ ਕੁਝ ਦਿਨਾਂ ਬਾਅਦ ਆਪਣੇ ਆਪ ਠੀਕ ਹੋ ਜਾਣਗੇ, ਪਰ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਆਖਿਰਕਾਰ ਚਿਹਰੇ 'ਤੇ ਦਾਗ ਛੱਡ ਦਿੰਦੀ ਹੈ। ਜੋ ਤੁਹਾਡੀ ਸੁੰਦਰਤਾ ਨੂੰ ਖਰਾਬ ਕਰ ਦਿੰਦੇ ਹਨ।



ਪਿੰਪਲਜ਼ ਦੇ ਨਿਸ਼ਾਨ ਹਟਾਉਣਾ ਇਨਾ ਆਸਾਨ ਨਹੀਂ ਹੈ। ਇਸ ਦੇ ਲਈ ਕਈ ਔਰਤਾਂ ਵੱਖ-ਵੱਖ ਤਰ੍ਹਾਂ ਦੇ ਇਲਾਜ ਅਤੇ ਕਰੀਮਾਂ ਦਾ ਸਹਾਰਾ ਲੈਂਦੀਆਂ ਹਨ। ਜੋ ਕਈ ਵਾਰ ਸਫਲ ਸਾਬਤ ਹੁੰਦੇ ਹਨ, ਕਈ ਵਾਰ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਦੇਖਣ ਨੂੰ ਮਿਲਦੇ ਹਨ। ਅਜਿਹੀ ਸਥਿਤੀ ਵਿੱਚ, ਅੱਜ ਅਸੀਂ ਤੁਹਾਨੂੰ ਕੁਝ ਕੁਦਰਤੀ ਉਪਚਾਰ ਦੱਸਾਂਗੇ ਜੋ ਬਹੁਤ ਪ੍ਰਭਾਵਸ਼ਾਲੀ ਹਨ।

### ਨਿੰਬੂ-ਸ਼ਹਿਦ ਦਾ ਫੇਸ ਪੈਕ

ਨਿੰਬੂ ਅਤੇ ਸ਼ਹਿਦ ਦਾ ਫੇਸ ਪੈਕ ਮੁਹਾਸੇ ਦੇ ਨਿਸ਼ਾਨ ਦੂਰ ਕਰਨ ਵਿੱਚ ਸਭ ਤੋਂ ਵੱਧ ਫਾਇਦੇਮੰਦ ਹੁੰਦਾ ਹੈ। ਅਸਲ ਵਿੱਚ, ਨਿੰਬੂ ਵਿੱਚ ਵਿਟਾਮਿਨ ਸੀ ਦੀ ਚੰਗੀ ਮਾਤਰਾ ਹੁੰਦੀ ਹੈ ਜੋ ਦਾਗ-ਧੱਬੇ ਅਤੇ ਦਾਗ-ਧੱਬਿਆਂ ਨੂੰ ਦੂਰ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਇਹ ਮੇਲੇਨਿਨ ਦੇ ਉਤਪਾਦਨ ਨੂੰ ਘਟਾਉਂਦਾ ਹੈ ਅਤੇ ਚਮੜੀ ਨੂੰ ਡੂੰਘਾ ਸਾਫ਼ ਕਰਦਾ ਹੈ। ਇਸ ਦੇ ਨਾਲ ਹੀ ਇਸ ਦੇ ਨਾਲ ਵਰਤਿਆ ਜਾਣ ਵਾਲਾ ਸ਼ਹਿਦ ਵੀ ਚਮੜੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਦਾਗ-ਧੱਬਿਆਂ ਨੂੰ ਦੂਰ ਕਰਨ ਦੇ ਨਾਲ-ਨਾਲ ਇਹ ਚਮੜੀ ਨੂੰ ਨਮੀ ਵੀ ਦਿੰਦਾ ਹੈ। ਇਸ ਫੇਸ ਮਾਸਕ ਦੀ ਵਰਤੋਂ ਕਰਨ ਨਾਲ ਚਿਹਰਾ ਸਾਫ਼, ਸੁੰਦਰ, ਨਰਮ ਅਤੇ ਚਮਕਦਾਰ ਦਿਖਾਈ ਦਿੰਦਾ ਹੈ।

### ਇਸ ਫੇਸ ਪੈਕ ਨੂੰ ਇਸ ਤਰ੍ਹਾਂ ਬਣਾਓ

ਸਮੱਗਰੀ-ਇੱਕ ਚੱਮਚ ਨਿੰਬੂ ਦਾ ਰਸ, ਇੱਕ ਚੱਮਚ ਸ਼ਹਿਦ।

### ਵਿਧੀ

- ਇੱਕ ਕਟੋਰੀ ਵਿੱਚ ਨਿੰਬੂ ਦਾ ਰਸ ਕੱਢ ਲਓ।
- ਇਸ 'ਚ ਸ਼ਹਿਦ ਮਿਲਾਓ ਅਤੇ ਦੋਵਾਂ ਨੂੰ ਚੰਗੀ ਤਰ੍ਹਾਂ ਮਿਲਾਓ। ਇਸ ਫੇਸ ਮਾਸਕ ਨੂੰ ਆਪਣੇ ਚਿਹਰੇ ਅਤੇ ਗਰਦਨ 'ਤੇ ਲਗਾਓ।
- ਇਸ ਨੂੰ 10-15 ਮਿੰਟ ਤੱਕ ਲਗਾ ਕੇ ਰੱਖੋ। ਇਸ ਤੋਂ ਬਾਅਦ ਚਿਹਰੇ ਨੂੰ ਸਾਧਾਰਨ ਪਾਣੀ ਨਾਲ ਧੋ ਲਓ।
- ਤੁਸੀਂ ਇਸ ਮਾਸਕ ਦੀ ਵਰਤੋਂ ਰੋਜ਼ਾਨਾ ਜਾਂ ਹਫ਼ਤੇ ਵਿੱਚ ਦੋ ਤੋਂ ਤਿੰਨ ਵਾਰ ਕਰ ਸਕਦੇ ਹੋ।


# ਬਦਲਦੀ ਜੀਵਨ ਸ਼ੈਲੀ 'ਚ ਰੱਖੋ ਦਿਲ ਦਾ ਖ਼ਿਆਲ



ਅੱਜ-ਕੱਲ੍ਹ ਸਾਡਾ ਰਹਿਣ-ਸਹਿਣ, ਖਾਣ-ਪੀਣ ਬਹੁਤ ਬਦਲ ਗਿਆ ਹੈ। ਆਲੇ-ਦੁਆਲੇ ਦਾ ਕੁਦਰਤੀ ਵਾਤਾਵਰਨ ਵੀ ਪ੍ਰਦੂਸ਼ਿਤ ਹੋ ਗਿਆ ਹੈ। ਇਸ ਨਾਲ ਕੁਝ ਆਮ ਸਮੱਸਿਆਵਾਂ ਜਾਂ ਬਿਮਾਰੀਆਂ ਜਿਵੇਂ ਸਰੀਰ ਦਾ ਭਾਰ ਵੱਧ ਹੋਣਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਜ਼ਿਆਦਾ ਤਣਾਅ, ਜੰਕ ਫੂਡ ਜਾਂ ਡੱਬਾ ਬੰਦ ਭੋਜਨ ਤੋਂ ਇਲਾਵਾ ਕਿਸੇ ਨਾ ਕਿਸੇ ਨਸ਼ੇ ਦਾ ਸੇਵਨ ਆਦਿ ਮੁੱਖ ਕਾਰਨ ਹਨ, ਜੋ ਦਿਲ ਦੇ ਦੌਰੇ ਲਈ ਜ਼ਿੰਮੇਵਾਰ ਹਨ। ਕੁਝ ਛੋਟੇ ਬੱਚਿਆਂ 'ਤੇ ਬੇਫਜ਼ੂਲਾ ਬੋਝ, ਫਿਰ ਉਹ ਚਾਹੇ ਵੱਧ ਅੰਕ ਪ੍ਰਾਪਤ ਕਰਨ ਦਾ ਹੋਵੇ, ਸਕੂਲ-ਕਾਲਜ ਵਿੱਚੋਂ ਪਹਿਲੇ ਨੰਬਰ 'ਤੇ ਆਉਣ ਦਾ ਜਾਂ ਫਿਰ ਮਾਪਿਆਂ ਦੀ ਮਰਜ਼ੀ ਅਨੁਸਾਰ ਬੱਚਿਆਂ ਨੂੰ ਕਿੱਤਾ ਚੁਣਨ ਲਈ ਜ਼ੋਰ ਪਾਇਆ ਜਾਵੇ ਤਾਂ ਉਹ ਮਾਨਸਿਕ ਪੀੜਾ 'ਚ ਚਲੇ ਜਾਂਦੇ ਹਨ। ਇਸ ਸਭ ਤੋਂ ਅੱਜ ਬਚਣ ਦੀ ਲੋੜ ਹੈ।

ਇਸ ਸਭ ਬਾਰੇ ਜਾਣਦਿਆਂ ਵੀ ਅਸੀਂ ਅਨਜਾਣ ਬਣੇ ਰਹਿੰਦੇ ਹਾਂ ਕਿਉਂਕਿ ਦਿਲ ਦੇ ਅਸਲ ਮਾਮਲਿਆਂ ਬਾਰੇ ਸੁਚੇਤ ਨਹੀਂ ਹੁੰਦੇ। ਸ਼ਾਇਦ ਇਹੀ ਕਾਰਨ ਹੈ ਕਿ ਦਿਲ ਦੇ ਮਾਮਲਿਆਂ ਤੋਂ ਅਨਜਾਣਤਾ 'ਚ ਜੀਅ ਰਹੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਸਾਲ 2000 ਤੋਂ ਹਰ ਸਾਲ ਸਤੰਬਰ ਮਹੀਨੇ ਦੀ 29 ਤਰੀਕ ਨੂੰ 'ਦਿਲ ਦਿਵਸ' ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ ਅਤੇ ਸਾਲ 2014 ਤੋਂ 'ਵਰਲਡ ਹਾਰਟ ਡੇਅ' ਮਨਾਇਆ ਵੀ ਜਾਣ ਲੱਗ ਪਿਆ। ਇਸ ਨੂੰ ਮਨਾਉਣ ਦਾ ਮੁੱਖ ਕਾਰਨ ਲੋਕਾਂ ਨੂੰ ਦਿਲ ਦੀ ਸਿਹਤ ਪ੍ਰਤੀ ਸੁਚੇਤ ਕਰਨਾ ਹੈ ਕਿਉਂਕਿ ਦਿਲ ਸਾਡੇ ਸਰੀਰ ਦਾ ਮਹੱਤਵਪੂਰਨ ਅੰਗ ਹੈ ਅਤੇ ਇਸ ਦੀ ਸੰਭਾਲ ਲਈ ਸਾਨੂੰ ਆਪਣੀ ਜ਼ਿੰਦਗੀ ਜਿਊਣ ਦੇ ਤੌਰ-ਤਰੀਕੇ ਕੁਝ ਹੱਦ ਤੱਕ ਬਦਲਣੇ ਪੈਣਗੇ। ਡਾਕਟਰਾਂ ਮੁਤਾਬਿਕ ਕੋਰੋਨਾ ਕਾਲ ਤੋਂ ਬਾਅਦ ਮਨੁੱਖਾਂ ਵਿਚ ਦਿਲ ਦੇ ਰੋਗ ਨਾਲ ਲੜਨ ਦੀ ਸ਼ਕਤੀ ਘਟੀ ਹੈ। ਆਓ ਜਾਣਦੇ ਹਾਂ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਕੁਝ ਨੁਕਤੇ, ਜਿਨ੍ਹਾਂ ਨੂੰ ਅਪਣਾ ਕੇ ਕਾਫ਼ੀ ਤੱਕ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ:-

- ਦਿਲ ਦੇ ਦੌਰੇ ਤੋਂ ਬਚਣ ਲਈ ਸਮੇਂ ਸਿਰ ਸੌਣਾ ਅਤੇ ਸਵੇਰ ਵੇਲੇ ਸਮੇਂ ਸਿਰ ਉੱਠ ਕੇ ਸੈਰ ਦੀ ਆਦਤ ਨੂੰ ਅਪਨਾਉਣਾ ਪਵੇਗਾ।
- ਜ਼ਿਆਦਾ ਦੇਰ ਤੱਕ ਕੰਪਿਊਟਰ ਜਾਂ ਮੋਬਾਈਲ 'ਤੇ ਟਿਕਟਿਕੀ ਲਗਾਈ ਵੇਖਣ ਨਾਲ ਵੀ ਤਣਾਅ ਪੈਦਾ ਹੁੰਦਾ ਹੈ। ਇਸ ਸਭ ਦੀ ਵਰਤੋਂ ਨੂੰ ਬਿਨਾਂ ਦੇਰੀ ਘਟਾਉਣ ਨਾਲ ਸਾਡੀ ਮਾਨਸਿਕ ਸਿਹਤ 'ਚ ਸੁਧਾਰ ਹੋਵੇਗਾ।
- ਰਾਤ ਦਾ ਭੋਜਨ ਸ਼ਾਮ ਸੱਤ ਵਜੇ ਤੱਕ ਕਰ ਲਿਆ ਜਾਵੇ ਤਾਂ ਚੰਗੀ ਆਦਤ ਹੋਵੇਗੀ ਤੇ ਜੇ ਭੋਜਨ ਪ੍ਰੋਟੀਨ ਤੇ ਫਾਈਬਰ-ਯੁਕਤ ਹੋਵੇ ਤਾਂ ਹੋਰ ਵੀ ਚੰਗਾ ਹੈ।
- ਮੋਟਾਪਾ ਵਧਾਉਣ ਵਾਲੇ ਭੋਜਨਾਂ ਦੀ ਵਰਤੋਂ ਬਿਨਾਂ ਦੇਰੀ ਘਟਾਉਣੀ ਚਾਹੀਦੀ ਹੈ।
- ਰੋਜ਼ਾਨਾ ਸੈਰ ਜਾਂ ਕੁਝ ਸਮਾਂ ਕਸਰਤ ਦੀ ਆਦਤ ਸਾਨੂੰ ਹੋਰ ਵੀ ਕਈ ਬਿਮਾਰੀਆਂ ਤੋਂ ਬਚਾਉਂਦੀ ਹੈ। ਨੇੜੇ ਜਾਣ ਲਈ ਪੈਦਲ ਜਾਈਏ ਜਾਂ ਫਿਰ ਸਾਈਕਲ ਦੀ ਵਰਤੋਂ ਕਰਨ ਨਾਲ ਵੀ ਸਰੀਰ ਚੁਸਤ-ਫੁਰਤ ਰਹਿੰਦਾ ਹੈ।
- ਸਮੇਂ-ਸਮੇਂ 'ਤੇ ਡਾਕਟਰੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਬਿਮਾਰੀ ਦਾ ਸੰਕੇਤ ਮਿਲੇ ਤਾਂ ਤੁਰੰਤ ਇਲਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ।




# ਕੋਲੈਸਟ੍ਰੋਲ

ਸਰੀਰ ਵਿੱਚ ਪੈਦਾ ਹੋਣ ਵਾਲੇ ਤੇਲ ਵਰਗੇ ਪਦਾਰਥ। ਕੋਲੈਸਟ੍ਰੋਲ ਕਿਹਾ ਜਾਂਦਾ ਹੈ। ਆਮ ਸਰੀਰਕ ਕਿਰਿਆਵਾਂ ਕਰਨ ਲਈ ਸਰੀਰ। ਕੋਲੈਸਟ੍ਰੋਲ ਦੀ ਜ਼ਰੂਰਤ ਹੁੰਦੀ ਹੈ। ਕੋਲੈਸਟ੍ਰੋਲ ਚੰਗੀ ਕਿਸਮ ਦੇ ਵੀ ਹੁੰਦੇ ਹਨ। ਮਾੜੀ ਕਿਸਮ ਵਾਲੇ ਕੋਲੈਸਟ੍ਰੋਲ ਦੀ ਵੱਧ ਮਾਤਰਾ ਖ਼ਤਰਨਾਕ ਹੋ ਸਕਦੀ ਹੈ। ਕੋਲੈਸਟ੍ਰੋਲ ਦੀ ਵੱਧ ਮਾਤਰਾ ਖ਼ੂਨ ਦੀਆਂ ਧਮਣੀਆਂ ਵਿੱਚ ਜੰਮ ਜਾਂਦੀ ਹੈ ਅਤੇ ਇਹ ਦਿਲ ਦੇ ਦੌਰੇ ਦਾ ਖ਼ਤਰਾ ਵਧਾਉਂਦੀ ਹੈ।

### ਕਿਸਮਾਂ

1. ਚੰਗਾ ਕੋਲੈਸਟ੍ਰੋਲ (ਐੱਚ.ਡੀ.ਐੱਲ.) : ਇਹ ਖ਼ੂਨ ਦੀਆਂ ਧਮਣੀਆਂ। ਸਾਫ਼ ਕਰਦਾ ਹੈ, ਕਸਰਤ ਕਰਨ ਨਾਲ ਐੱਚ. ਡੀ. ਐੱਲ. ਵਿੱਚ ਵਾਧਾ ਹੁੰਦਾ ਹੈ।
2. ਮਾੜਾ ਕੋਲੈਸਟ੍ਰੋਲ (ਐੱਲ. ਡੀ. ਐੱਲ.): ਇਸਦੇ ਵਧਣ ਨਾਲ ਖ਼ੂਨ ਦੀਆਂ ਧਮਣੀਆਂ ਵਿੱਚ ਖ਼ੂਨ ਦੇ ਥੱਕੇ ਜੰਮ ਜਾਂਦੇ ਹਨ।

### ਕਾਰਨ

1. ਪਰਿਵਾਰਿਕ ਪਿਛੋਕੜ।
2. ਜ਼ਿਆਦਾ ਚਰਬੀ ਵਾਲਾ ਖਾਣਾ।
3. ਕਸਰਤ ਨਾ ਕਰਨਾ।
4. ਸਿਗਰਟ ਪੀਣਾ। ਸ਼ਰਾਬ।

### ਜਾਂਚ


40 ਸਾਲ ਦੀ ਉਮਰ ਤੋਂ ਵੱਧ ਦੇ ਤੰਦਰੁਸਤ ਵਿਅਕਤੀ ਲਈ ਘੱਟੋ-ਘੱਟ ਹਰ 2-3 ਸਾਲ ਬਾਅਦ ਜਾਂਚ ਕਰਵਾਉਣੀ ਚਾਹੀਦੀ ਹੈ। ਜੇਕਰ ਤੁਸੀਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਲੈ ਰਹੇ ਹੋ ਤਾਂ ਸਾਲ ਵਿੱਚ ਇੱਕ ਵਾਰ ਜ਼ਰੂਰ ਕੋਲੈਸਟ੍ਰੋਲ ਚੈੱਕ ਕਰਵਾਓ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 200 ਤੋਂ ਘੱਟ ਹੈ, ਤਾਂ ਸਿਹਤ ਲਈ ਚੰਗਾ ਹੈ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 200-240 ਹੈ, ਤਾਂ ਸਿਹਤ ਨੂੰ ਖ਼ਤਰੇ ਦਾ ਸੰਕੇਤ ਹੈ। ਆਪਣੇ ਖਾਣੇ ਦਾ ਧਿਆਨ ਰੱਖੋ ਅਤੇ ਕਸਰਤ ਕਰੋ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 240 ਤੋਂ ਵੱਧ ਹੈ, ਤਾਂ ਬਿਮਾਰੀਆਂ ਦਾ ਖ਼ਤਰਾ ਜ਼ਿਆਦਾ ਹੈ। ਡਾਕਟਰ ਆਮ ਤੌਰ 'ਤੇ ਮਾੜੀ ਕਿਸਮ ਦੇ ਕੋਲੈਸਟ੍ਰੋਲ ਦਾ ਜ਼ਿਆਦਾ ਧਿਆਨ ਰੱਖਦੇ ਹਨ।

### ਘਰੇਲੂ ਇਲਾਜ

1. ਘੱਟ ਚਰਬੀ ਖਾਵੋ (ਮੱਖਣ, ਘੀ, ਮਾਸ)।
2. ਰੋਜ਼ਾਨਾ ਕਸਰਤ ਕਰੋ।
3. ਸ਼ਰਾਬ ਅਤੇ ਸਿਗਰਟ ਨਾ ਪੀਓ।
4. ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਭਾਰ ਨੂੰ ਘਟਾਓ।
5. ਜੇਕਰ ਤੁਹਾਡੇ ਡਾਕਟਰ ਨੇ ਇਸ ਲਈ ਦਵਾਈ ਲੈਣ ਲਈ ਕਿਹਾ ਹੈ ਤਾਂ ਦਵਾਈ ਲਗਾਤਾਰ ਲਵੋ ਅਤੇ ਦਵਾਈ ਨੂੰ ਆਪਣੇ ਆਪ ਬੰਦ ਨਾ ਕਰੋ।

### ਡਾਕਟਰ ਨੂੰ ਕਦੋਂ ਦਿਖਾਈਏ

1. ਜੇ ਜ਼ਿਆਦਾ ਕੋਲੈਸਟ੍ਰੋਲ ਦਾ ਪਰਿਵਾਰਕ ਪਿਛੋਕੜ ਹੈ।
2. ਜੇ ਤੁਹਾਨੂੰ ਦਿਲ ਦੀ ਕੋਈ ਬਿਮਾਰੀ ਹੈ।
3. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ।




ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ


(ਸਵੈ-ਜੀਵਨੀ)

# ਵਿਸ਼ਵ-ਪ੍ਰਸਿੱਧ ਗੁਰਮਤਿ ਦਾਰਸ਼ਨਿਕ ਤੇ ਮਨੋਵਿਗਿਆਨੀ ਡਾ: ਜਸਵੰਤ ਸਿੰਘ ਜੀ ਨੇਕੀ ਨਾਲ ਮੇਰਾ ਮਿਲਾਪ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਮੈਥੋਂ ਕੁਝ ਚਿਰ ਹੀ ਪਹਿਲਾਂ ਪੀ.ਜੀ.ਆਈ, ਚੰਡੀਗੜ੍ਹ ਦੇ ਡਾਇਰੈਕਟਰ ਤੇ [illegible] (ਵਰਲਡ ਹੈਲਥ ਆਰਗੇਨਾਈਜ਼ੇਸ਼ਨ) ਦੇ ਵਾਈਸ ਚੇਅਰਮੈਨ ਡਾ: ਜਸਵੰਤ ਸਿੰਘ ਜੀ ਨੇਕੀ ਉਥੇ [illegible] ਵੱਲੋਂ ਡੈਪੂਟੇਸ਼ਨ ਤੇ ਆਏ ਸਨ। ਉਨ੍ਹਾਂ ਨਾਲ ਮੇਰਾ ਮਿਲਾਪ ਹੋਇਆ। ਗੁਰੂ ਘਰ ਵਿੱਚ ਹੀ ਤੇ ਫਿਰ ਪੰਜ ਸਾਲ ਪਰਿਵਾਰਕ ਸਾਂਝ ਦੇ ਉਨ੍ਹਾਂ ਨਾਲ ਨਿਭਾਏ ਤੇ ਉਨ੍ਹਾਂ ਦੀਆਂ ਨੇਕੀਆਂ ਨੂੰ ਜਾਣਿਆ। ਗੋਸਵਾਮੀ ਤੁਲਸੀ ਦਾਸ ਜੀ ਦੀ ਚੌਪਈ ਦੀਆਂ ਦੋ ਪੰਕਤੀਆਂ ਹਨ, ''ਐਸੋ ਕੋ ਜਨਮਿਓ ਜਗ ਮਾਹਿ।। ਪ੍ਰਭਤਾ ਪਾਇ ਜਾਸ ਮਦ ਨਾਹਿ।।

ਭਾਵ ਕਿ ਕੋਈ ਵਿਰਲਾ ਹੀ ਹੋਵੇਗਾ ਜਿਸ ਨੂੰ ਅਹੁਦੇ ਦਾ ਨਸ਼ਾ ਨਾ ਹੋਵੇ। ਉਨ੍ਹਾਂ ਵਿਰਲਿਆਂ ਵਿਚੋਂ ''ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰਿ'' ਹੀ ਇੱਕ ਸਨ ਡਾ: ਜਸਵੰਤ ਸਿੰਘ ਜੀ ਨੇਕੀ ਤੇ ਉਨ੍ਹਾਂ ਦੀ ਧਰਮ ਪਤਨੀ ਭੈਣ ਜੀ ਡਾ: ਕੰਵਰਜੀਤ ਕੌਰ ਜੀ। ਮੇਰਾ ਉਨ੍ਹਾਂ ਨਾਲ ਏਨਾ ਪਿਆਰ ਸੀ ਕਿ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਭਾਗ ਵਲੋਂ ਉਨ੍ਹਾਂ ਦੀ ਸਵੈ-ਜੀਵਨੀ ਛਪੀ ਤਾਂ ਉਹਨਾਂ ਨੇ ਮੇਰੇ ਬਾਰੇ ਵਿਸ਼ੇਸ਼ ਜ਼ਿਕਰ ਕੀਤਾ। ਉਹ ਦਵਾਈਆਂ ਨਾਲ ਨਹੀਂ ਗੱਲਾਂ ਨਾਲ ਰੋਗੀ ਨੂੰ ਠੀਕ ਕਰ ਦਿੰਦੇ ਸਨ। ਦਾਰਾਸਲਾਮ ਦੇ ਦੋ-ਮਰੀਜ਼ਾਂ ਨੂੰ ਮੈਂ ਉਨ੍ਹਾਂ ਕੋਲੋਂ ਠੀਕ ਹੁੰਦਿਆਂ ਵੇਖਿਆ ਹੈ। ਹਸਮੁੱਖ ਸੁਭਾ ਗਿਆਨ ਦਾ ਸੋਮਾ, ਅਤਿਅੰਤ ਨਿਮਰ ਸੁਭਾ। ਇੱਕ ਵਾਰੀ ਇੱਕ ਤਾਂਤਰਿਕ ਚੰਦਰਾ ਸੁਆਮੀ ਜੋ ਉਨੀ ਦਿਨੀ ਇੰਦਰਾ ਗਾਂਧੀ ਦੇ ਬਹੁਤ ਨੇੜੇ ਸੀ। ਉਥੇ ਆਇਆ ਤੇ ਉਸਨੇ ਗੁਰੂ ਘਰ ਭਾਸ਼ਣ ਦਿੱਤਾ। ਸ਼ੁਰੂ ਵਿੱਚ ਉਸਨੇ ਇੱਕ ਕਹਾਣੀ ਸੁਣਾਈ, ਦਿਲਚਸਪੀ ਲਈ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਉਹ ਕਹਿਣ ਲਗਾ, ''ਇੱਕ ਵਾਰੀ ਇੱਕ ਮੂਰਤੀਘਾੜਾ ਤਿਨ ਮੂਰਤੀਆਂ ਬਣਾਕੇ ਉਜੈਨ ਦੇ ਰਾਜੇ ਵਿਕਰਮਾ ਦਿੱਤ ਕੋਲ ਆਇਆ। ਰਾਜੇ ਨੂੰ ਕਹਿਣ ਲੱਗਾ, ਮੈਂ ਸੁਣਿਆ ਹੈ ਕਿ ਤੁਹਾਡੀ ਸਭਾ ਵਿਦਵਾਨਾਂ ਦੀ ਸਭਾ ਹੈ। ਮੇਰੀਆਂ ਇਹ ਮੂਰਤੀਆਂ, ਇੱਕ ਪੰਜ ਰੁਪਏ ਦੀ ਹੈ, ਇੱਕ ਪੰਜਾਹ ਰੁਪਏ ਦੀ ਤੇ ਇੱਕ ਪੰਜ ਲੱਖ ਦੀ ਹੈ। ਤੁਹਾਡਾ ਕੋਈ ਵਿਦਵਾਨ ਇਨ੍ਹਾਂ ਦੇ ਮੁੱਲ ਦੇ ਮੁਤਾਬਿਕ ਵੱਖ ਵੱਖ ਕਰੇ। ਇੱਕੋ ਧਾਤ ਦੀਆਂ ਇੱਕੋ ਕੱਦ ਦੀਆਂ, ਇੱਕੋ ਜੇਹੀਆਂ ਮੂਰਤੀਆਂ ਦੀ ਕੀਮਤ ਦੇ ਹਿਸਾਬ ਨਾਲ ਕੋਈ ਚੋਣ ਨਾ ਕਰ ਸਕਿਆ। ਬਹੁਤ ਹੀ ਨਮੋਸ਼ੀ ਛਾ ਗਈ। ਉਥੇ ਇੱਕ ਸਧਾਰਨ ਜਿਹੇ ਲਿਬਾਸ ਵਿੱਚ ਇੱਕ ਸਧਾਰਨ ਜਿਹਾ ਬੰਦਾ ਕਾਲੀ ਦਾਸ ਵੀ ਪਿੱਛੇ ਜਿਹੇ ਖੜ੍ਹਾ ਸੀ। ਉਹ ਅੱਗੇ ਆ ਕੇ ਕਹਿਣ ਲੱਗਾ, ਰਾਜਨ ਜੇ ਹੁਕਮ ਕਰੋ ਤਾਂ ਮੈਂ ਦੇਖਾਂ। ਰਾਜੇ ਦੀ ਆਗਿਆ ਲੈ ਕੇ ਉਸ ਵਿਅਕਤੀ ਨੇ ਕੋਈ ਗਿੱਠ ਕੁ ਭਰ ਲੰਬਾ ਇੱਕ ਬੁਹਾਰੀ ਦਾ ਤੀਲਾ ਲਿਆ। ਇੱਕ ਮੂਰਤੀ ਚੁੱਕੀ ਤੇ ਉਹਦੇ ਕੰਨ ਵਿੱਚ ਉਹ ਤੀਲਾ ਪਾਇਆ। ਉਹ ਤੀਲਾ ਦੂਸਰੇ ਕੰਨ ਰਾਹੀਂ ਬਾਹਰ ਆ ਗਿਆ। ਉਸਨੇ ਉਹ ਮੂਰਤੀ ਚੁੱਕੀ ਇੱਕ ਪਾਸੇ ਰੱਖ ਦਿੱਤੀ। ਫਿਰ ਏਹੀ ਵਰਤਾਰਾ ਦੂਸਰੀ ਮੂਰਤੀ ਨੂੰ ਚੁੱਕ ਕੇ ਕੀਤਾ। ਉਸਦੇ ਮੂੰਹ ਰਾਹੀਂ ਉਹ ਤੀਲਾ ਬਾਹਰ ਆ ਗਿਆ। ਉਸਨੇ ਦੂਸਰੀ ਮੂਰਤੀ ਪਹਿਲੀ ਦੇ ਸੱਜੇ ਟਿਕਾ ਦਿੱਤੀ ਤੇ ਫਿਰ ਤੀਸਰੀ ਮੂਰਤੀ



ਚੁੱਕੀ। ਉਸਦੇ ਕੰਨ ਵਿੱਚ ਪਾਇਆ ਤੀਲਾ ਬਾਹਰ ਨਹੀਂ ਆਇਆ ਤੇ ਅੰਦਰ ਚਲਾ ਗਿਆ। ਕਾਲੀਦਾਸ ਨੇ ਉਸਨੂੰ ਤੀਸਰੇ ਥਾਂ ਟਿਕਾਕੇ ਰਾਜੇ ਬਿਕਰਮਾ ਦਿੱਤ ਨੂੰ ਕਿਹਾ, ਪਹਿਲੀ ਮੂਰਤੀ ਪੰਜ ਰੁਪਏ ਦੀ ਦੂਸਰੀ ਪੰਜਾਹ ਦੀ ਤੇ ਤੀਸਰੀ ਪੰਜ ਲੱਖ ਤੋਂ ਵੀ ਉਪਰ। ਉਸਦਾ ਕੋਈ ਮੁੱਲ ਹੀ ਨਹੀਂ। ਮੂਰਤੀ ਘਾੜਾ ਉਠਿਆ ਤੇ ਕਾਲੀਦਾਸ ਦੇ ਪੈਰਾਂ ਤੇ ਸਿਰ ਰੱਖ ਦਿੱਤਾ। ਰਾਜੇ ਨੇ ਪੁੱਛਿਆ ਕਿ ਆਖਰ ਰਾਜ਼ ਕੀ ਹੈ। ਕਾਲੀਦਾਸ ਕਹਿਣ ਲੱਗਾ, ਇਹ ਬੁੱਤ ਘਾੜਾ ਮਹਾਨ ਦਾਰਸ਼ਨਿਕ ਹੈ, ਇਸਨੇ ਇਨ੍ਹਾਂ ਤਿੰਨਾਂ ਮੂਰਤੀਆਂ ਰਾਹੀਂ ਦਰਸਾਇਆ ਕਿ ਹਰ ਸਭਾ ਵਿੱਚ ਸਰੋਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ। ਪਹਿਲੇ ਜੋ ਇੱਕ ਕੰਨੋਂ ਸੁਣਕੇ ਦੂਸਰੇ ਕੰਨੋਂ ਉਸੇ ਵੇਲੇ ਬਾਹਰ ਕੱਢ ਦਿੰਦੇ ਨੇ। ਦੂਸਰੇ ਜੋ ਸੁਣਕੇ ਆਪਣੇ ਵਿਚਾਰ ਦਿੰਦੇ ਹਨ ਚੰਗੇ ਜਾਂ ਮਾੜੇ ਪਰ ਆਪ ਪੱਲੇ ਕੁਝ ਨਹੀਂ ਬੰਨਦੇ। ਤੀਸਰੇ ਉਹ ਸਰੋਤੇ ਹੁੰਦੇ ਹਨ ਜੋ ਵਕਤਾ ਦੀ ਗੱਲ ਇਕਾਗਰਤਾ ਨਾਲ ਸੁਣਕੇ ਹਿਰਦੇ ਵਿੱਚ ਵਸਾ ਲੈਂਦੇ ਹਨ ਤੇ ਉਸ ਉਪਰ ਅਮਲ ਕਰਕੇ ਜਨਮ ਸਫਲਾ ਕਰ ਲੈਂਦੇ ਨੇ। ਉਨ੍ਹਾਂ ਉਤਮ ਸਰੋਤਿਆਂ ਦਾ ਮੁੱਲ ਪੰਜ ਲੱਖ ਵੀ ਥੋੜਾ ਹੈ।'' ਇਹ ਸਾਖੀ ਸੁਣਾਕੇ ਚੰਦਰਾ ਸੁਆਮੀ ਕਹਿਣ ਲੱਗਾ ਹੁਣ ਤੁਸੀਂ ਆਪ ਫੈਸਲਾ ਕਰਨਾ ਹੈ ਕਿ ਤੁਸੀਂ ਕਿਹੋ ਜਿਹੀਆਂ ਮੂਰਤੀਆਂ ਹੋ। ਖੈਰ ਉਸਦਾ ਬਾਕੀ ਦਾ ਭਾਸ਼ਣ ਆਮ ਜਿਹਾ ਹੀ ਸੀ। ਦੀਵਾਨ ਦੀ ਸਮਾਪਤੀ ਹੋਈ ਮੈਂ ਆਪਣੇ ਕਮਰੇ ਵਿੱਚ ਆ ਗਿਆ। ਮੇਰੇ ਮਗਰ ਹੀ ਡਾ: ਨੇਕੀ ਸਾਹਿਬ ਆ ਗਏ ਤੇ ਮੈਨੂੰ ਕਹਿਣ ਲੱਗੇ, ''ਗਿਆਨੀ ਜੀ! ਮੂਰਤੀਆਂ ਤਿੰਨ ਨਹੀਂ ਚਾਰ ਸਨ।'' ਮੈਂ ਕਿਹਾ ਡਾਕਟਰ ਸਾਹਿਬ ਚੌਥੀ ਕਿਹੜੀ? ਕਹਿਣ ਲੱਗੇ ਉਹਦੇ ਕੰਨੇ ਵਿੱਚ ਤੀਲਾ ਗਿਆ ਹੀ ਨਹੀਂ ਸੀ। ਛੇਕ ਹੀ ਨਹੀਂ ਸੀ। ਚੌਥੇ ਪ੍ਰਕਾਰ ਦੇ ਸਰੋਤੇ ਵੀ ਹੁੰਦੇ ਆ ਜਿਹੜੇ ਸੁਣਦੇ ਹੀ ਨਹੀਂ। ਲੰਗਰ ਹਾਲ ਵਿੱਚੋਂ ਲੰਗਰ ਛੱਕ ਕੇ ਬਾਹਰ ਚਲੇ ਜਾਂਦੇ ਹਨ। ਡਾਕਟਰ ਸਾਹਿਬ ਦੀ ਗੱਲ ਇਹ ਝੂਠ ਨਹੀਂ। ਇਹ ਵੀ ਵਰਤਾਰਾ ਦੇਖਣ ਨੂੰ ਮਿਲਦਾ ਹੈ। ਮੈਂ ਜਦੋਂ ਮਿਲਟਰੀ ਵਿੱਚੋਂ ਰਿਟਾਇਰ ਹੋਇਆ ਤਾਂ ਉਸਦੀ ਵਜ੍ਹਾ ਮੈਡੀਕਲ ਅਨਫਿੱਟ ਹੋਣਾ ਵੀ ਸੀ। ਮੈਨੂੰ ਦਿਲ ਦਾ ਰੋਗੀ ਗਰਦਾਨ ਕੇ ਪਰਮਾਨੈਂਟ ਕੈਟਾਗਰੀ ਸੀ (ਛ) ਕਰ ਦਿੱਤਾ ਗਿਆ ਸੀ। ਉਥੇ ਮੈਂ ਸਰਜੀਕਲ ਤੌਰ ਤੇ ਵੀ ਗੁਰਦੇ ਦੀਆਂ ਪੱਥਰੀਆਂ ਦੀ ਦਰਦ ਤੋਂ ਪੀੜਤ ਸਾਂ। ਮੇਰੇ ਗੁਰਦੇ ਵਿੱਚ ਤਿੰਨ ਵੱਡੀਆਂ ਪੱਥਰੀਆਂ ਸਨ। ਮੈਂ ਗਲਤੀ ਇਹ ਕਰ ਬੈਠਾ ਕਿ ਡਰਦੇ ਨੇ ਅਪਰੇਸ਼ਨ ਨਾ ਕਰਵਾਇਆ। ਉਸ ਤੋਂ ਬਾਅਦ ਤਾਂ ਮੇਰੇ ਪੱਥਰੀਆਂ ਦੇ ਉਪਰੇਸ਼ਨ ਇੰਨੇ ਹੋਏ ਕਿ ਮੈਂ ਇੱਕ ਵਾਰੀ ਡਾਕਟਰ ਨੂੰ ਕਹਿ ਹੀ ਦਿੱਤਾ ਕਿ ਮੇਰੀ ਵੱਖੀ ਨੂੰ ਜ਼ਿੱਪ ਲਾ ਦਿਓ। ਮੈਥੋਂ ਘੜੀ ਘੜੀ ਪੇਟ ਕਟਵਾਇਆ ਨਹੀਂ ਜਾਂਦਾ। ਖੈਰ ਫੇਰ ਤਾਂ ਗੁਰਦਾ ਹੀ ਕੱਢ ਦਿੱਤਾ। ਨਾ ਰਿਹਾ ਬਾਂਸ ਤੇ ਨਾ ਵੱਜੀ ਬੰਸਰੀ। ਇਥੇ ਦਾਰਾਸਲਾਮ ਆ ਕੇ ਮੈਨੂੰ ਬਹੁਤ ਦਰਦ ਰਹਿਣ ਲੱਗ ਪਿਆ। ਡਾਕਟਰ ਨੇਕੀ ਸਾਹਿਬ ਪੀ.ਜੀ.ਆਈ ਚੰਡੀਗੜ੍ਹ ਦੇ ਡਾਇਰੈਕਟਰ ਰਹੇ ਸਨ। ਉਨ੍ਹਾਂ ਮੈਨੂੰ ਸਲਾਹ ਦਿੱਤੀ ਕਿ ਮੈਂ ਚੰਡੀਗੜ੍ਹ ਅਪਰੇਸ਼ਨ ਕਰਵਾ ਲਵਾਂ। ਉਨ੍ਹਾਂ ਦੇ ਦੋਸਤ ਡਾ: ਕੁਲਦੀਪ ਸਿੰਘ ਜੋ ਸਰਜੀਕਲ ਸਪੈਸ਼ਲਿਸਟ ਸਨ। ਉਨ੍ਹਾਂ ਨਾਲ ਗੱਲਬਾਤ ਕੀਤੀ, ਮੈਨੂੰ ਪ੍ਰਬੰਧਕਾਂ ਨੇ ਵੀ ਛੁੱਟੀ ਦੇ ਦਿੱਤੀ। ਪਰਿਵਾਰ ਉਥੇ ਹੀ ਰਿਹਾ। ਉਸ ਸਮੇਂ ਤੱਕ ਨਾਲ ਦੀ ਗੁਰਦੁਆਰੇ ਦੀ ਬਹੁ ਮੰਜ਼ਲਾ ਇਮਾਰਤ ਵਿੱਚ ਇੱਕ ਭੋਗਲ ਪਰਿਵਾਰ ਰਹਿੰਦਾ ਸੀ। ਨਿਰਮਲ ਸਿੰਘ ਭੋਗਲ ਤੇ ਕਰਤਾਰ ਸਿੰਘ ਭੋਗਲ। ਇਨ੍ਹਾਂ ਦੇ ਪਰਿਵਾਰਾਂ ਨੇ ਮੇਰੀ ਬੜੀ ਮੱਦਦ ਕੀਤੀ। ਹੁਣੇ ਇਸੇ ਸਾਲ ਭਾਜੀ ਨਿਰਮਲ ਸਿੰਘ ਭੋਗਲ (ਸਵੱਰਗਵਾਸੀ) ਦੀ ਪੋਤਰੀ ਦਾ ਵਿਆਹ ਸੀ ਇਥੇ ਸਰੀ (ਕੈਨੇਡਾ) ਵਿਚ ਉਸਦੇ ਲੜਕੇ ਸੀਤਲ ਸਿੰਘ ਭੋਗਲ ਨੇ ਬਾਬੇ ਦੀ ਮਿਲਣੀ ਮੇਰੀ ਕਰਵਾਈ। ਹੁਣ ਤੱਕ ਦੋਵੇਂ ਪਰਿਵਾਰ ਵਰਤਦੇ ਹਨ। ਮੇਰੇ ਬੱਚਿਆਂ ਦਾ ਖਿਆਲ ਇਨ੍ਹਾਂ ਹੀ ਰੱਖਿਆ ਤੇ ਜਾਂ ਡਾ: ਜਸਵੰਤ ਸਿੰਘ ਨੇਕੀ ਜੀ ਤੇ ਉਨ੍ਹਾਂ ਦੀ ਮਿਸਜ਼ ਭੈਣ ਜੀ ਕੰਵਰਜੀਤ ਕੌਰ ਨੇ। ਮੇਰੀ ਛੋਟੀ ਲੜਕੀ ਗੁਰਬਖਸ਼ ਜੋ ਉਦੋਂ ਚਾਰ ਕੁ ਸਾਲ ਦੀ ਸੀ, ਡਾ: ਸਾਹਿਬ ਕੋਲ ਹੀ ਰਹੀ।

ਚੰਡੀਗੜ੍ਹ ਪੀ.ਜੀ.ਆਈ ਵਿੱਚ ਮੇਰਾ ਅਪਰੇਸ਼ਨ ਖੁਦ ਡਾ: ਕੁਲਦੀਪ ਸਿੰਘ ਜੀ ਨੇ ਕੀਤਾ ਜੁ ਸਰਜੀਕਲ ਵਿਭਾਗ ਦੇ ਮੁਖੀ ਸਨ। ਖੱਬੇ ਗੁਰਦੇ ਵਿੱਚੋਂ ਵੱਡੀਆਂ ਚਾਰ ਪੱਥਰੀਆਂ ਕੱਢੀਆਂ ਗਈਆ। ਮੈਂ ਚਾਰ ਕੁ ਮਹੀਨੇ ਰਹਿਕੇ ਤੇ ਪੈਨਸ਼ਨ ਲੈਕੇ ਵਾਪਸ ਆ ਗਿਆ। ਐਲੋਪੈਥੀ ਵਿੱਚ ਅਪਰੇਸ਼ਨ ਕਰਕੇ ਪੱਥਰੀ ਵਗੈਰਾ ਕੱਢੀ ਤੇ ਜਾ ਸਕਦੀ ਹੈ ਪਰ ਬਣਦੀ ਕਿਉਂ ਹੈ। ਇਸਦਾ ਕੋਈ ਇਲਾਜ ਨਹੀਂ। ਦੋ ਸਾਲ ਵੀ ਨਹੀਂ ਲੰਘੇ ਕਿ ਮੇਰੇ ਫਿਰ



ਪਥੱਰੀਆਂ ਹੋ ਗਈਆਂ ਜੁਲਾਈ 1984 ਵਿੱਚ ਮੇਰਾ ਪਹਿਲਾ ਕੰਟੈਕਟ ਖਤਮ ਹੋ ਗਿਆ ਤੇ ਗੁਰੂ ਘਰ ਦੇ ਪ੍ਰਬੰਧਕਾਂ ਦੂਸਰਾ ਕੰਟੈਕਟ 9 ਹਜ਼ਾਰ ਸ਼ਲਿੰਗ ਮਾਸਿਕ ਤਨਖਾਹ ਤੇ ਕਰ ਲਿਆ। ਜਦੋਂ ਮੈਂ ਚੰਡੀਗੜ੍ਹ ਤੋਂ ਅਪਰੇਸ਼ਨ ਕਰਵਾ ਕੇ ਵਾਪਿਸ ਆਇਆ ਤਾਂ ਗੁਰਦੁਆਰਾ ਸਾਹਿਬ ਦੇ ਸੈਕਟਰੀ ਸ੍ਰ: ਸ਼ੇਰ ਸਿੰਘ ਕਲੇਰ ਮੈਨੂੰ ਕਹਿਣ ਲੱਗੇ,''ਗਿਆਨੀ ਜੀ! ਤੁਹਾਡੇ ਨਾਲ ਇੱਕ ਗੱਲ ਕਰਨੀ ਹੈ। ਪਰ ਸ਼ਰਤ ਇਹ ਹੈ ਕਿ ਤੁਸੀਂ ਆਪਣੇ ਵੱਡੇ ਲੜਕੇ ਨੂੰ ਕੁਝ ਨਹੀਂ ਕਹਿਣਾ।'' ਮੈਂ ਉਤਰ ਦਿੱਤਾ ਸੈਕਟਰੀ ਸਾਹਿਬ ਮੈਂ ਤੇ ਤੁਹਾਨੂੰ ਕਿਹਾ ਹੀ ਨਹੀਂ ਕਿ ਮੈਨੂੰ ਦੱਸੋ। ਜੇ ਦੱਸਣੇ ਵਾਲੀ ਗੱਲ ਜ਼ਰੂਰੀ ਹੋਵੇ ਤਾਂ ਸ਼ਰਤਾਂ ਨਹੀਂ ਲਾਈਦੀਆਂ। ਉਸ ਵੇਲੇ ਗੁਰਦੁਆਰੇ ਦੇ ਪ੍ਰਧਾਨ ਸ੍ਰ: ਕਰਤਾਰ ਸਿੰਘ ਸਨ। ਜਿਨ੍ਹਾਂ ਦਾ ਕੰਮ ਬੱਸਾਂ ਦੀਆਂ ਬਾਡੀਆਂ ਬਣਾਕੇ ਫਿੱਟ ਕਰਨਾ ਹੁੰਦਾ ਸੀ। ਮੇਰਾ ਲੜਕਾ ਵੀ ਉਥੇ ਹੀ ਕੰਮ ਕਰਦਾ ਸੀ। ਛੋਟਾ ਤਾਂ ਅਜੇ ਪੜ੍ਹਦਾ ਹੀ ਸੀ ਪਰ ਵੱਡਾ ਸਰਬਜੀਤ ਸਿੰਘ ਸਤਾਰਾਂ ਅਠਾਰਾਂ ਸਾਲ ਦਾ ਜਵਾਨ ਸੀ। ਸ੍ਰ: ਸ਼ੇਰ ਸਿੰਘ ਕਹਿਣ ਲੱਗੇ ਕਿ ਤੁਹਾਡਾ ਲੜਕਾ ਤੁਹਾਥੋਂ ਬਾਅਦ ਸ਼ਰਾਬ ਪੀ ਕੇ ਆਉਂਦਾ ਰਿਹਾ ਹੈ। ਉਸਨੂੰ ਪਿਆਰ ਨਾਲ ਸਮਝਾ ਦੇਣਾ। ਮੈਨੂੰ ਇਹ ਸੁਣਕੇ ਅੱਗ ਲੱਗ ਗਈ। ਕਿਉਂ ਕਿ ਮੇਰੀ ਰਿਹਾਇਸ਼ ਗੁਰਦੁਆਰੇ ਦੇ ਅੰਦਰ ਹੀ ਬਿਲਡਿੰਗ ਵਿੱਚ ਸੀ। ਜਦੋਂ ਸ਼ਾਮ ਨੂੰ ਸਰਬਜੀਤ ਕੰਮ ਤੋਂ ਆਇਆ ਤਾਂ ਮੈਂ ਆਉਂਦੇ ਨੂੰ ਹੀ ਪਾਣੀ ਧਾਣੀ ਪੀਣ ਤੋਂ ਪਹਿਲਾਂ ਪੁੱਛ ਲਿਆ, ''ਸਰਬਜੀਤ! ਤੂੰ ਬਾਅਦ ਵਿੱਚ ਸ਼ਰਾਬ ਪੀ ਕੇ ਘਰ ਆਉਂਦਾ ਰਿਹਾ ਹੈਂ।'' ਮੇਰੇ ਲੜਕੇ ਵਿੱਚ ਇੱਕ ਸਿਫਤ ਹੈ ਕਿ ਉਹ ਝੂਠ ਨਹੀਂ ਬੋਲਦਾ। ਹੁਣ ਉਹ ਵੀ ਬਜ਼ੁਰਗ ਹੋ ਚੁੱਕਾ ਪਰ ਉਸਦੀ ਸਾਫ ਗੋਈ ਤੋਂ ਦਮੂੰਹੇ ਲੋਕ ਅੱਜ ਵੀ ਚਲਦੇ ਹਨ। ਮੇਰਾ ਲੜਕਾ ਕਹਿੰਦਾ, ''ਹਾਂ ਡੈਡੀ ਕਈ ਵਾਰ ਪੀ.ਕੇ ਆਇਆ ਕਰਦਾ ਸੀ।''

ਚਲਦਾ....




PUNJAB LINK

ਪੰਜਾਬ ਲਿੰਕ

North America's Largest Distributed Weekly Newspaper

Published by : Punjab Link Newspaper Ltd.

604-503-5465 (LINK)

PUNJAB LINK SALES TEAM




Rakesh Puri
604-377-4085



Amarjit Singh
778-908-0523



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਓਵਰਡੋਜ਼ ਮੌਤਾਂ ਦੇ ਨਵੇਂ ਰਿਕਾਰਡ ਨੇ ਬੀਸੀ NDP ਦੇ 'ਸੁਰੱਖਿਅਤ ਸਪਲਾਈ' ਸੰਬੰਧੀ ਭਰਮ ਤੋੜੇ



ਮਨਿੰਦਰ ਗਿੱਲ
604-505-1600

ਓਵਰਡੋਜ਼ ਨਾਲ ਮੌਤਾਂ ਦੀ ਬਹੁਤਾਤ ਨੇ ਬੀਸੀ NDP ਦੀ "ਸੁਰੱਖਿਅਤ ਸਪਲਾਈ" ਨੀਤੀ ਦੀ ਲੰਬੇ ਸਮੇਂ ਤੋਂ ਪਾਲੀ ਹੋਏ ਭਰਮ ਨੂੰ ਤੋੜ ਦਿੱਤਾ ਹੈ ਤੇ ਹੁਣ ਲੋਕਾਂ ਦੇ ਜਾਗਣ ਅਤੇ ਇਸ ਖਤਰੇ ਬਾਰੇ ਸੋਚ ਵਿਚਾਰ ਦਾ ਸਮਾਂ ਆ ਗਿਆ ਹੈ। 23 ਕੋਰੋਨਰ ਸਰਵਿਸ ਦੀ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਨਾਲ 2511 ਮੌਤਾਂ ਦੀ ਰਿਪੋਰਟ, ਬੀ ਸੀ ਸਰਕਾਰ ਦੀਆਂ "ਸੁਰੱਖਿਅਤ ਸਪਲਾਈ" ਨੀਤੀਆਂ ਦਾ ਘਿਨਾਉਣਾ ਪੱਖ ਬੇਪਰਦਾ ਕਰਦੀ ਹੈ। ਇਸ ਡਰਾਉਣੀ ਸੰਖਿਆ ਨੇ ਬੀਸੀ ਦੇ ਲੋਕਾਂ ਦਾ ਅੰਦਰ ਝੰਜੋੜ ਕੇ ਰੱਖ ਦਿੱਤਾ ਹੈ, ਪਰ ਸਰਕਾਰ ਜੋ ਹਾਰਡ ਡਰੱਗਜ਼ ਲਈ "ਸੁਰੱਖਿਅਤ ਸਪਲਾਈ" ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਬਾ-ਜ਼ਿਦ ਹੈ, ਇਸ ਬਾਰੇ ਕੋਈ ਢੁੱਕਵਾਂ ਜਵਾਬ ਦੇਣ ਚ ਨਾਕਾਮਯਾਬ ਰਹੀ ਹੈ। ਸਰਕਾਰ ਦਾ "ਸੁਰੱਖਿਅਤ ਸਪਲਾਈ" ਦੇ ਪਿੱਛੇ ਦਾ ਤਰਕ ਨਸ਼ਾਖੋਰੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਸੜਕਛਾਪ ਨਸ਼ੀਲੇ ਪਦਾਰਥਾਂ ਤੋਂ ਦੂਰ ਲਿਜਾਕੇ, ਸਿਹਤ ਸੰਭਾਲ ਪ੍ਰਣਾਲੀ ਦੇ ਦਖਲ ਨਾਲ ਜ਼ਹਿਰੀਲੀਆਂ ਦਵਾਈਆਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾਉਣਾ ਸੀ। ਭਾਵੇਂ ਇਹ ਕਾਗਜ਼ 'ਤੇ ਇੱਕ ਤਸੱਲੀਬਖਸ਼ ਸਿਧਾਂਤ ਜਾਪਦਾ ਹੈ, ਪਰ ਜਦੋਂ ਇਸਨੂੰ ਹਕੀਕਤ ਨਾਲ ਪਰਖਿਆ ਗਿਆ ਤਾਂ ਇਹ ਬੁਰੀ ਤਰ੍ਹਾਂ ਅਸਫਲ ਤੇ ਨਕਾਰਾ ਜਾਪ ਰਿਹਾ ਹੈ। ਸਰਕਾਰ ਨੇ ਅਤੀਤ ਵਿੱਚ ਸਾਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ "ਸੁਰੱਖਿਅਤ" ਸਪਲਾਈ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੇ ਜੰਜਾਲ ਨੂੰ ਤੋੜਨ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ, ਜਦੋਂ ਕਿ 23 ਵਿੱਚ ਗੈਰ-ਕਾਨੂੰਨੀ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਲਈ ਸਰਕਾਰ ਵੱਲੋਂ ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਨਾਲ ਨਜ਼ਰਅੰਦਾਜ਼ ਕੀਤਾ ਗਿਆ ਹੈ। ਬੀਸੀ ਐਨਡੀਪੀ ਨੇ ਸਮੁੰਦਰੀ ਬੰਦਰਗਾਹਾਂ ਅਤੇ ਪ੍ਰਵੇਸ਼ ਦੇ ਹੋਰ ਦਰਵਾਜ਼ਿਆਂ ਰਾਹੀਂ ਆ ਰਹੇ ਨਸ਼ਿਆਂ ਦੇ ਹੜ੍ਹ ਵੱਲੋਂ ਅੱਖਾਂ ਬੰਦ ਕਰ ਲਈਆਂ ਹਨ। ਡਰੱਗ ਗਿਰੋਹ ਬੀ ਸੀ ਵਿੱਚ ਖੁੱਲ੍ਹ ਕੇ ਕੰਮ ਕਰ ਰਹੇ ਹਨ ਤੇ ਸਾਡੀਆਂ ਸੜਕਾਂ ਤੇ ਜ਼ਹਿਰੀਲੀਆਂ ਦਵਾਈਆਂ ਰਿਓੜੀਆਂ ਵਾਂਗ ਆਮ ਕਰ ਰਹੇ ਹਨ, ਜਦੋਂ ਕਿ ਇਸਦੇ ਬਾਵਜੂਦ ਵੀ ਸਰਕਾਰ "ਸੁਰੱਖਿਅਤ" ਸਪਲਾਈ ਵਿੱਚ ਆਪਣੇ ਵਿਸ਼ਵਾਸ ਨੂੰ "ਦੁਹਰਾਅ"ਰਹੀ ਹੈ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਨੂੰ ਨਸ਼ੀਲੇ ਪਦਾਰਥਾਂ ਦੇ ਨਿਰਯਾਤ ਬਾਰੇ ਹੈਰਾਨ ਕਰਨ ਵਾਲੀਆਂ ਮੀਡੀਆ ਰਿਪੋਰਟਾਂ ਤੋਂ ਬਾਅਦ ਸੂਬਾਈ ਅਤੇ ਫੈਡਰਲ ਸਰਕਾਰ ਨੂੰ ਕਾਰਵਾਈ ਕਰਨ ਲਈ ਪ੍ਰੇਰਿਤ ਹੋਣਾ ਚਾਹੀਦਾ ਸੀ। ਬੀ ਸੀ ਤੇਜ਼ੀ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਵਿਸ਼ਵਵਿਆਪੀ ਕੇਂਦਰ ਵਜੋਂ ਬਦਨਾਮ ਹੋ ਰਿਹਾ ਹੈ। ਡੈਲਟਾ ਦੇ ਮੇਅਰ ਜਾਰਜ ਹਾਰਵੀ ਦੁਆਰਾ ਪੋਰਟ ਪੁਲਿਸ ਨੂੰ ਬਹਾਲ ਕਰਨ ਲਈ ਕੀਤੀ ਗਈ ਪਹਿਲਕਦਮੀ ਸ਼ਲਾਘਾਯੋਗ ਹੈ ਅਤੇ ਕਮਿਊਨਿਟੀ ਵਿੱਚ ਚੰਗੀ ਤਰ੍ਹਾਂ ਸਵੀਕਾਰ ਕੀਤੀ ਗਈ ਹੈ। ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਇਸ ਨੂੰ 'ਅਗਾਂਹਵਧੂ ਵੱਡਾ ਕਦਮ" ਕਰਾਰ ਦਿੱਤਾ ਹੈ, ਪਰ ਇਹ ਦੇਖਣਾ ਬਾਕੀ ਹੈ ਕਿ ਚੀਜ਼ਾਂ ਕਦੋਂ ਅੱਗੇ ਵਧਦੀਆਂ ਹਨ। ਮੌਤਾਂ ਦੀ ਰਿਕਾਰਡ ਤੋੜ ਸੰਖਿਆ ਦੇ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਨੂੰ "ਸੁਰੱਖਿਅਤ" ਸਪਲਾਈ ਪ੍ਰੋਗਰਾਮ ਦੀ ਸਮੀਖਿਆ ਕਰਨ ਲਈ ਪ੍ਰੇਰਿਤ ਹੋਣਾ ਚਾਹੀਦਾ ਸੀ, ਪਰ ਅਮਲੀ ਰੂਪ ਵਿਚ ਅਜਿਹਾ ਨਹੀਂ ਹੋਇਆ। ਪ੍ਰਿੰਸ ਜਾਰਜ ਵਿੱਚ ਦੇ ਸੁਤੰਤਰ RCMP ਜਾਂਚਾਂ ਨੇ ਡਾਕਟਰਾਂ ਵੱਲੋਂ ਪ੍ਰਸਕਰਾਇਬ ਹਜ਼ਾਰਾਂ ਗੋਲੀਆਂ ਜ਼ਬਤ ਕੀਤੀਆਂ ਹਨ, ਜਿਸ ਨਾਲ ਸੁਰੱਖਿਅਤ ਸਪਲਾਈ ਪ੍ਰੋਗਰਾਮ ਦੀ ਨਸ਼ਾ ਤਸਕਰਾਂ ਵੱਲੋਂ ਦੁਰਵਰਤੋਂ ਦਾ ਤੱਥ ਜੱਗਜ਼ਾਹਰ ਹੋ ਗਿਆ ਹੈ। ਅਲਬਰਟਾ ਪ੍ਰੀਮੀਅਰ ਦੁਆਰਾ ਇਸ ਮੁੱਦੇ ਤੇ ਇਤਰਾਜ਼ ਜਤਾਉਣ ਦੇ ਬਾਵਜੂਦ ਅਤੇ ਇਹ ਇਲਜ਼ਾਮ ਲਗਾਉਣ ਕਿ ਸੁਰੱਖਿਅਤ ਸਪਲਾਈ ਵਾਲੇ ਨਸ਼ੇ ਉਸਦੇ ਪ੍ਰਾਂਤ 'ਤੇ ਮਾੜਾ ਅਸਰ ਪਾ ਰਹੇ ਹਨ, ਬੀ ਸੀ ਪ੍ਰੀਮੀਅਰ ਨੇ ਇਸ ਮੁੱਦੇ ਨੂੰ ਬੌਣਾ ਕਰਕੇ ਵੇਖਣ ਦਾ ਫੈਸਲਾ ਕੀਤਾ ਗਿਆ ਹੈ। ਇਹਨਾਂ ਜਾਂਚਾਂ ਨੇ ਇਸ ਪ੍ਰੋਗਰਾਮ ਦੇ ਵਿਰੋਧੀਆਂ ਦੇ ਸ਼ੰਕਿਆਂ ਨੂੰ ਮਜ਼ਬੂਤ ਕੀਤਾ ਹੈ ਅਤੇ ਜਨਤਕ ਸਰੋਤਾਂ ਦੀ ਵਰਤੋਂ ਬਾਰੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ ਕੀ ਸੂਬੇ ਨੂੰ ਲੋੜਵੰਦਾਂ ਦੇ ਇਲਾਜ ਅਤੇ ਰਿਕਵਰੀ ਲਈ ਆਪਣੇ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਾਂ ਉਹਨਾਂ ਨੂੰ "ਸੁਰੱਖਿਅਤ" ਸਪਲਾਈ ਦੇ ਨਾਮ ਹੇਠ ਨਸ਼ੇ ਵੰਡਣੇ ਚਾਹੀਦੇ ਹਨ। ਐਨਡੀਪੀ ਸਰਕਾਰ ਦੁਆਰਾ ਕਿਸੇ ਵਿਅਕਤੀ ਕੋਲੋਂ 2.5 ਗ੍ਰਾਮ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨੂੰ ਗੈਰ ਅਪਰਾਧਿਕ ਬਣਾਉਣ ਪਿੱਛੇ ਇਹ ਤਰਕ ਦਿੱਤਾ ਗਿਆ ਸੀ ਕਿ ਉਹ ਨਸ਼ੇ ਦੀ ਆਦਤ ਤੋਂ ਪੀੜਤ ਲੋਕਾਂ ਨੂੰ ਸਮਾਜਕ ਕਲੰਕ ਤੋਂ ਬਚਾਉਣਾ ਚਾਹੁੰਦੇ ਹਨ ਪਰ ਇਸ ਕਲੰਕ ਨੂੰ ਦੂਰ ਕਰਨ ਦੇ ਲੋੜੀਂਦੇ ਨਤੀਜੇ ਨਹੀਂ ਮਿਲ ਰਹੇ ਸਗੋਂ ਇਸ ਨੇ ਪੁਲਿਸ ਬਲਾਂ ਦੇ ਹੱਥ ਨੂੜ ਦਿੱਤੇ ਹਨ। ਜਨਤਕ ਸਥਾਨਾਂ 'ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ 'ਤੇ ਸਰਕਾਰ ਦੀ ਪਾਬੰਦੀ ਵੀ ਕਾਨੂੰਨੀ ਚੁਣੌਤੀ ਵਿੱਚ ਫਸ ਗਈ ਹੈ, ਜਿਸ ਨਾਲ ਵੱਸੋਂ ਨੂੰ ਨਸ਼ੀਲੇ ਪਦਾਰਥਾਂ ਨਾਲ ਜੁੜੇ ਅਪਰਾਧਾਂ ਅਤੇ ਬੇਤਰਤੀਬ ਹਿੰਸਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਾਡੀਆਂ ਸੜਕਾਂ ਤੇ ਪਾਰਕ ਵੀ ਸੁਰੱਖਿਅਤ ਨਹੀਂ ਰਹੇ। ਬ੍ਰਿਟਿਸ਼ ਕੋਲੰਬੀਆ ਦੇ ਲੋਕ ਬੀ ਸੀ ਐਨਡੀਪੀ ਦੀਆਂ ਇਹਨਾਂ ਗੈਰ ਤਰਕਸੰਗਤ ਡਰੱਗ ਨੀਤੀਆਂ ਦੇ ਖਿਲਾਫ ਬੋਲ ਰਹੇ ਹਨ। ਰਿਚਮੰਡ ਸ਼ਹਿਰ ਦੇ ਵਸਨੀਕਾਂ ਨੂੰ ਉਦੋਂ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਡਰੱਗ ਉਪਭੋਗਤਾਵਾਂ ਲਈ ਇੱਕ ਅਖੌਤੀ "ਸੁਰੱਖਿਅਤ" ਇੰਜੈਕਸ਼ਨ ਸਾਈਟ ਖੋਲ੍ਹਣ ਦਾ ਵਿਰੋਧ ਕਰ ਰਹੇ ਸੀ। ਸਥਾਨਕ ਭਾਈਚਾਰੇ ਦਾ ਮੰਨਣਾ ਹੈ ਕਿ ਇਸ ਨਾਲ ਉਨ੍ਹਾਂ ਦੀਆਂ ਸੜਕਾਂ 'ਸਗੋਂ ਅਸੁਰੱਖਿਅਤ ਹੋ ਜਾਣਗੀਆਂ। ਇਸ ਪ੍ਰਸਤਾਵਿਤ ਸਹੂਲਤ ਦੇ ਵਿਰੁੱਧ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ, ਜਿੱਥੇ ਪ੍ਰਦਰਸ਼ਨਕਾਰੀਆਂ ਨੂੰ ਕੱਟੜਪੰਥੀ ਕਾਰਕੁਨਾਂ ਵੱਲੋਂ ਨਸਲੀ ਗਾਲੀ ਗਲੋਚ ਦਾ ਸਾਹਮਣਾ ਕਰਨਾ ਪਿਆ। ਰਿਚਮੰਡ ਦੇ ਤਜ਼ਰਬੇ ਤੋਂ ਬਾਅਦ ਹੁਣ ਸਰੀ ਭਾਈਚਾਰੇ ਵਿੱਚ ਬੇਚੈਨੀ ਦੀ ਭਾਵਨਾ ਹੈ। ਕੀ 23 [illegible] ਸਕਾਈਟਰੇਨ ਬਲੂਲਾਈਨ ਨੂੰ ਨਸ਼ਿਆਂ ਦੀ "ਸੁਰੱਖਿਅਤ" ਸਪਲਾਈ ਦੇ ਗਲਿਆਰੇ ਵਿੱਚ ਬਦਲ ਦੇਵੇਗੀ। ਲੋਕਾਂ ਨੂੰ ਖਦਸ਼ਾ ਹੈ ਕਿ ਕੀ ਅਗਲੀ "ਸੁਰੱਖਿਅਤ" ਸਪਲਾਈ ਸਹੂਲਤ ਸਰੀ ਸੈਂਟਰਲ ਵਿਖੇ ਖੋਲ੍ਹੀ ਜਾਵੇਗੀ ਜੋ ਨਿਰੋਲ ਨਸ਼ੇ ਦਾ ਸਰਕਾਰ ਤੋਂ ਮਨਜ਼ੂਰ ਸ਼ੁਦਾ ਅੱਡਾ ਹੋਵੇਗੀ ਬੀਸੀ ਐਨਡੀਪੀ ਨੂੰ ਆਪਣੀਆਂ ਡਰੱਗ ਨੀਤੀਆਂ ਵਿੱਚ ਵੱਡਾ ਬਦਲਾਅ ਕਰਨਾ ਚਾਹੀਦਾ ਹੈ ਅਤੇ ਨੀਤੀਆਂ ਨੂੰ ਅਨੁਭਵੀ ਸਬੂਤਾਂ ਰਾਹੀਂ ਸੋਧਿਤ ਕਰਨਾ ਚਾਹੀਦਾ ਹੈ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

ਯਾਦਾਂ ਦੇ ਝਰੋਖੇ 'ਚੋਂ...

# ਮਸਾਲਾ ਭਰਪੂਰ ਫਿਲਮਾਂ ਦਾ ਨਿਰਦੇਸ਼ਕ ਮਨਮੋਹਨ ਦੇਸਾਈ

ਪ੍ਰੋ. ਧਰਮਜੀਤ ਸਿੰਘ

ਮਨਮੋਹਨ ਦੇਸਾਈ ਬੌਲੀਵੁੱਡ ਦਾ ਅਜਿਹਾ ਫਿਲਮਸਾਜ਼ ਸੀ ਜਿਸ ਨੇ ਨਾ ਕੇਵਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਸਗੋਂ ਆਪਣੀਆਂ ਮਸਾਲਾ ਫਿਲਮਾਂ ਵਿੱਚ ਕਈ ਅਣਹੋਣੇ ਦ੍ਰਿਸ਼ ਵਿਖਾ ਕੇ 'ਅਣਹੋਣੀ ਨੂੰ ਹੋਣੀ ਬਣਾ ਕੇ ਦਰਸਾਉਣ' ਦਾ ਸਫਲ ਯਤਨ ਵੀ ਕੀਤਾ ਸੀ। ਅਮਿਤਾਭ ਬੱਚਨ ਨੂੰ 'ਸੁਹਾਗ', 'ਨਸੀਬ', 'ਮਰਦ', 'ਕੁਲੀ', 'ਦੇਸ਼ ਪ੍ਰੇਮੀ', 'ਅਮਰ ਅਕਬਰ ਐਂਥਨੀ', 'ਗੰਗਾ ਜਮੁਨਾ ਸਰਸਵਤੀ' ਅਤੇ 'ਤੂਫ਼ਾਨ' ਜਿਹੀਆਂ ਸੁਪਰਹਿੱਟ ਫਿਲਮਾਂ ਨਾਲ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਵਾਲੇ ਫਿਲਮਸਾਜ਼ ਮਨਮੋਹਨ ਦੇਸਾਈ ਦਾ ਜਨਮ 26 ਫਰਵਰੀ 1937 ਨੂੰ ਗੁਜਰਾਤੀ ਪਰਿਵਾਰ ਦੇ ਮੁਖੀ ਅਤੇ ਬੌਲੀਵੁੱਡ ਵਿੱਚ ਬਤੌਰ ਫਿਲਮ ਨਿਰਮਾਤਾ ਕੀਕੂਭਾਈ ਦੇਸਾਈ ਦੇ ਘਰ ਹੋਇਆ ਸੀ ਜਿਨ੍ਹਾਂ ਨੇ ਆਪਣੇ ਜ਼ਮਾਨੇ ਵਿੱਚ 'ਸਰਕਸ ਕੁਈਨ', 'ਗੋਲਡਨ ਗੈਂਗ' ਅਤੇ 'ਸ਼ੇਖ਼ ਚਿੱਲੀ' ਆਦਿ ਨਾਮਕ ਸਟੰਟ ਫਿਲਮਾਂ ਦਾ ਨਿਰਮਾਣ ਕੀਤਾ ਸੀ। ਉਹ 1931 ਤੋਂ 1941 ਦੇ ਸਮੇਂ ਦੌਰਾਨ 'ਪੈਰਾਮਾਊਂਟ ਸਟੂਡੀਓ' ਦੇ ਮਾਲਕ ਰਹੇ ਸਨ ਜੋ ਕਿ ਬਾਅਦ ਵਿੱਚ 'ਫਿਲਮਾਲਿਆ ਸਟੂਡੀਓਜ਼' ਦੇ ਨਾਂ ਨਾਲ ਜਾਣਿਆ ਗਿਆ। ਦੁੱਖ ਦੀ ਗੱਲ ਇਹ ਰਹੀ ਕਿ ਕੇਵਲ 39 ਸਾਲ ਦੀ ਉਮਰ ਵਿੱਚ ਸ੍ਰੀ ਕੀਕੂਭਾਈ ਦਾ ਦੇਹਾਂਤ ਹੋ ਗਿਆ ਤੇ ਭਾਰੀ ਵਿੱਤੀ ਦੇਣਦਾਰੀਆਂ ਦੇ ਚੱਲਦਿਆਂ ਪਰਿਵਾਰ ਨੂੰ ਆਪਣਾ ਘਰ-ਬਾਰ ਤੇ ਕਾਰਾਂ ਆਦਿ ਤੱਕ ਵੀ ਵੇਚਣੀਆਂ ਪੈ ਗਈਆਂ ਪਰ ਆਪਣੇ ਪਰਿਵਾਰ ਦੀ ਆਮਦਨ ਦਾ ਸਰੋਤ ਫਿਲਮ ਸਟੂਡੀਓ ਉਨ੍ਹਾਂ ਨੇ ਨਾ ਵੇਚਿਆ ਤੇ ਮਨਮੋਹਨ ਦੇਸਾਈ ਦੇ ਵੱਡੇ ਭਰਾ ਸੁਭਾਸ਼ ਦੇਸ਼ਾਈ ਨੇ ਬਤੌਰ ਫਿਲਮ ਨਿਰਮਾਤਾ ਮੁੜ ਕਿਸਮਤ ਅਜ਼ਮਾਈ ਅਤੇ ਪਰਿਵਾਰ ਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ। ਮਨਮੋਹਨ ਦੇਸਾਈ ਨੇ ਆਪਣੀ ਸਕੂਲੀ ਪੜ੍ਹਾਈ ਮੁਕੰਮਲ ਕਰਕੇ ਮੁੰਬਈ ਦੇ ਮਸ਼ਹੂਰ ਸੇਂਟ ਜ਼ੇਵੀਅਰਜ਼ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਵੱਡੇ ਭਰਾ ਸੁਭਾਸ਼ ਦੇਸਾਈ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਫਿਲਮਾਂ ਬਣਾਉਣ ਦੇ ਆਪਣੇ ਪਿਤਾ-ਪੁਰਖੀ ਧੰਦੇ ਵਿੱਚ ਆ ਪੈਰ ਪਾਇਆ। 1957 ਵਿੱਚ ਫਿਲਮ 'ਜਨਮ ਜਨਮ ਕੇ ਫੇਰੇ' ਰਾਹੀਂ ਬੌਲੀਵੁੱਡ ਵਿੱਚ ਕਦਮ ਰੱਖਣ ਵਾਲੇ ਮਨਮੋਹਨ ਦੇਸਾਈ ਨੇ ਫਿਲਮਸਾਜ਼ ਬਾਬੂ ਭਾਈ ਮਿਸਤਰੀ ਕੋਲੋਂ ਫਿਲਮ ਨਿਰਦੇਸ਼ਨ ਦੇ ਗੁਰ ਸਿੱਖੇ ਸਨ। ਪਹਿਲੀ ਹੀ ਫਿਲਮ ਦੇ ਸਫਲ ਰਹਿਣ ਮਗਰੋਂ ਮਨਮੋਹਨ ਨੇ 1960 ਵਿੱਚ ਆਪਣੇ ਭਰਾ ਸੁਭਾਸ਼ ਦੇਸਾਈ ਵੱਲੋਂ ਨਿਰਮਤ ਫਿਲਮ 'ਛਲੀਆ' ਵਿੱਚ ਰਾਜ ਕਪੂਰ ਨੂੰ ਲੈ ਕੇ ਨਿਰਦੇਸ਼ਨ ਦਿੱਤਾ ਤੇ ਇਹ ਫਿਲਮ ਆਪਣੇ ਗੀਤ-ਸੰਗੀਤ, ਜ਼ਬਰਦਸਤ ਅਦਾਕਾਰੀ ਅਤੇ ਨਿਰਦੇਸ਼ਨ ਦੇ ਚੱਲਦਿਆਂ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਿਤ ਕਰ ਗਈ। ਇਸ ਉਪਰੰਤ ਉਸ ਨੇ 'ਬਲੱਫ ਮਾਸਟਰ', 'ਬਦਤਮੀਜ਼' ਅਤੇ 'ਕਿਸਮਤ' ਆਦਿ ਜਿਹੀਆਂ ਚਰਚਿਤ ਫਿਲਮਾਂ ਦਾ ਨਿਰਦੇਸ਼ਨ ਦਿੱਤਾ ਜਿਨ੍ਹਾਂ ਦੀ ਕਾਮਯਾਬੀ ਨੇ ਉਸ ਨੂੰ ਬੌਲੀਵੁੱਡ ਵਿੱਚ ਪੱਕੇ ਪੈਰੀਂ ਕਰ ਦਿੱਤਾ।



ਮਨ ਵਿੱਚ ਲੀਕ ਤੋਂ ਹਟਵਾਂ ਕੁਝ ਕਰਨ ਦੀ ਧਾਰ ਕੇ ਮਨਮੋਹਨ ਦੇਸਾਈ ਨੇ ਬੌਲੀਵੁੱਡ ਵਿੱਚ ਮਸਾਲਾ ਫਿਲਮਾਂ ਦੀ ਨੀਂਹ ਰੱਖਣ ਦਾ ਮਨ ਬਣਾਇਆ ਤੇ ਮੈਦਾਨ ਵਿੱਚ ਉਤਰ ਆਇਆ। 1970 ਵਿੱਚ ਉਸ ਨੇ ਰਾਜੇਸ਼ ਖੰਨਾ ਅਤੇ ਮੁਮਤਾਜ਼ ਨੂੰ ਲੈ ਕੇ ਫਿਲਮ 'ਸੱਚਾ ਝੂਠਾ' ਦਾ ਨਿਰਦੇਸ਼ਨ ਦਿੱਤਾ ਤੇ ਰਿਲੀਜ਼ ਹੁੰਦਿਆਂ ਹੀ ਦਰਸ਼ਕਾਂ ਨੇ ਇਸ ਫਿਲਮ ਨੂੰ ਭਰਪੂਰ ਪਿਆਰ ਦਿੰਦਿਆਂ ਆਪਣੇ ਮੁਹੱਬਤੀ ਕਲਾਵੇ ਵਿੱਚ ਲੈ ਲਿਆ। ਜ਼ਬਰਦਸਤ ਤੇ ਰੁਮਾਂਚਕ ਕਹਾਣੀ, ਸੁਰੀਲਾ ਗੀਤ-ਸੰਗੀਤ, ਮਨਮੋਹਕ ਅਦਾਕਾਰੀ ਅਤੇ ਬਿਹਤਰੀਨ ਨਿਰਦੇਸ਼ਨ ਦੇ ਸੁਮੇਲ ਨੇ ਇਸ ਮਸਾਲਾ ਫਿਲਮ ਨੂੰ ਟਿਕਟ ਖਿੜਕੀ 'ਤੇ ਵੱਡੀ ਸਫਲਤਾ ਪ੍ਰਦਾਨ ਕੀਤੀ ਸੀ। ਇਸ ਤੋਂ ਬਾਅਦ ਤਾਂ ਅਗਲੇ 20 ਸਾਲ ਤੱਕ ਬੌਲੀਵੁੱਡ 'ਤੇ ਮਨਮੋਹਨ ਦੇਸਾਈ ਦਾ ਰਾਜ ਚੱਲਿਆ ਸੀ। ਉਸ ਦੀਆਂ ਨਿਰਦੇਸ਼ਿਤ ਕੀਤੀਆਂ 'ਰਾਮਪੁਰ ਕਾ ਲਕਸ਼ਮਣ', 'ਭਾਈ ਹੋ ਤੋ ਐਸਾ', 'ਆ ਗਲੇ ਲਗ ਜਾ', 'ਰੋਟੀ', 'ਪਰਵਰਿਸ਼', 'ਸੁਹਾਗ', 'ਧਰਮਵੀਰ', 'ਚਾਚਾ ਭਤੀਜਾ', 'ਨਸੀਬ', 'ਅਮਰ ਅਕਬਰ ਐਂਥਨੀ', 'ਕੁਲੀ', 'ਮਰਦ', 'ਦੇਸ਼ ਪ੍ਰੇਮੀ' ਅਤੇ 'ਗੰਗਾ ਜਮੁਨਾ ਸਰਸਵਤੀ' ਆਦਿ ਜਿਹੀਆਂ ਸਫਲ ਫਿਲਮਾਂ ਨੇ ਬੌਲੀਵੁੱਡ ਵਿੱਚ ਅਮਿਤਾਭ ਬੱਚਨ, ਧਰਮਿੰਦਰ, ਜਤਿੰਦਰ, ਰਾਜੇਸ਼ ਖੰਨਾ, ਸ਼ਤਰੂਘਨ ਸਿਨਹਾ, ਸ਼ਸ਼ੀ ਕਪੂਰ ਅਤੇ ਰਣਧੀਰ ਕਪੂਰ ਆਦਿ ਨੂੰ ਵੱਡੇ ਸਟਾਰ ਬਣਾ ਦਿੱਤਾ ਸੀ।

ਮਨਮੋਹਨ ਦੇਸਾਈ ਬਾਰੇ ਬੌਲੀਵੁੱਡ ਵਿੱਚ ਇਹ ਚਰਚਾ ਰਹਿੰਦੀ ਸੀ ਕਿ ਉਹ ਆਪਣੀਆਂ ਫਿਲਮਾਂ ਵਿੱਚ 'ਬੱਚਿਆਂ ਦੇ ਬਚਪਨ ਵਿੱਚ ਵਿੱਛੜਨ ਅਤੇ ਜਵਾਨੀ ਵਿੱਚ ਆ ਮਿਲਣ' ਦੇ ਫਾਰਮੂਲੇ ਨੂੰ ਬੜੇ ਦਿਲਚਸਪ ਢੰਗ ਨਾਲ ਵਰਤਦਾ ਸੀ ਤੇ ਕਈ ਸਾਰੇ ਅਣਹੋਣੀਆਂ ਘਟਨਾਵਾਂ ਵਾਲੇ ਦ੍ਰਿਸ਼ ਵੀ ਆਪਣੀਆਂ ਫਿਲਮਾਂ ਵਿੱਚ ਸ਼ਾਮਲ ਕਰ ਲੈਂਦਾ ਸੀ। 'ਅਮਰ ਅਕਬਰ ਐਂਥਨੀ' ਫਿਲਮ ਵਿੱਚ ਇਕੋ ਮਾਂ ਨੂੰ ਤਿੰਨ ਪੁੱਤਰਾਂ ਵੱਲੋਂ ਇੱਕੋ ਸਮੇਂ ਖ਼ੂਨ ਦਿੱਤੇ ਜਾਣ ਦਾ ਮੈਡੀਕਲ ਇਤਿਹਾਸ ਦਾ ਅਣਹੋਣਾ ਕਾਰਨਾਮਾ ਮਨਮੋਹਨ ਦੇਸਾਈ ਦੇ ਦਿਮਾਗ਼ ਦੀ ਕਾਢ ਸੀ ਤੇ ਉਸ ਦੇ ਇਹ ਰੌਚਕ ਫਾਰਮੂਲੇ ਦਰਸ਼ਕਾਂ ਨੇ ਖ਼ੂਬ ਪਸੰਦ ਵੀ ਕੀਤੇ ਸਨ। ਫਿਲਮ 'ਸੁਹਾਗ' ਵਿੱਚ ਸ਼ਸ਼ੀ ਕਪੂਰ ਅੰਨ੍ਹਾ ਹੁੰਦਾ ਹੋਇਆ ਵੀ ਮੋਟਰਸਾਈਕਲ ਚਲਾਉਂਦਾ ਹੈ ਤੇ ਫਿਲਮ 'ਮਰਦ' ਵਿੱਚ ਦਾਰਾ ਸਿੰਘ ਆਪਣੇ ਕੁੱਛੜ ਚੁੱਕੇ ਨਵਜਨਮੇ ਪੁੱਤਰ ਦੇ ਸੀਨੇ 'ਤੇ ਚਾਕੂ ਨਾਲ 'ਮਰਦ' ਉੱਕਰ ਦਿੰਦਾ ਹੈ ਤੇ ਵਗਦੇ ਲਹੂ ਦੇ ਬਾਵਜੂਦ ਬੱਚਾ ਹੱਸਦਾ ਰਹਿੰਦਾ ਹੈ। ਉਸ ਨੇ ਨਾ ਕੇਵਲ ਅਜਿਹੀਆਂ ਅਸੰਭਵ ਘਟਨਾਵਾਂ ਨੂੰ ਕੇਂਦਰ ਬਣਾ ਕੇ ਦ੍ਰਿਸ਼ ਸ਼ੂਟ ਕੀਤੇ ਸਨ ਸਗੋਂ ਆਪਣੀ ਗੱਲ ਖੁੱਲ੍ਹ ਕੇ ਕਹਿਣ ਲਈ ਇਸ ਫਿਲਮ ਵਿੱਚ ਇਹ ਗੀਤ ਵੀ ਸ਼ਾਮਲ ਕੀਤਾ ਸੀ- "ਅਨਹੋਨੀ ਕੋ ਹੋਨੀ ਕਰਦੇਂ, ਹੋਨੀ ਕੋ ਅਨਹੋਨੀ, ਏਕ ਜਗ੍ਹਾ ਜਬ ਜਮ੍ਹਾ ਹੋਂ ਤੀਨੋਂ, ਅਮਰ, ਅਕਬਰ, ਐਂਥਨੀ।" ਇਹ ਗੀਤ ਬੇਹੱਦ ਮਕਬੂਲ ਹੋਇਆ ਸੀ।

ਮਨਮੋਹਨ ਦੀ ਇਹ ਖ਼ਾਸੀਅਤ ਵੀ ਸੀ ਕਿ ਉਹ ਆਪਣੇ ਜ਼ਿਆਦਾਤਰ ਕਿਰਦਾਰ ਅਸਲ ਜ਼ਿੰਦਗੀ 'ਚੋਂ ਅਤੇ ਕਿਰਤੀ ਵਰਗ 'ਚੋਂ ਚੁਣਦਾ ਸੀ ਜਿਵੇਂ ਕਿ ਫਿਲਮ 'ਕੁਲੀ' ਵਿੱਚ ਕੁਲੀ, 'ਮਰਦ' ਫਿਲਮ ਵਿੱਚ ਟਾਂਗੇਵਾਲਾ, 'ਨਸੀਬ' ਵਿੱਚ ਵੇਟਰ, 'ਅਮਰ ਅਕਬਰ ਐਂਥਨੀ' ਵਿੱਚ ਦਰਜ਼ੀ, ਫੁੱਲ ਵੇਚਣ ਵਾਲਾ, ਪੁਲੀਸ ਇਸਪੈਕਟਰ, 'ਧਰਮਵੀਰ' ਵਿੱਚ ਲੁਹਾਰ ਆਦਿ ਜਿਹੇ ਕਿਰਦਾਰ ਉਸ ਦੀਆਂ ਜ਼ਿਆਦਾਤਰ ਫਿਲਮਾਂ ਵਿੱਚ ਵੇਖਣ ਨੂੰ ਮਿਲਦੇ ਸਨ। ਉਹ ਆਪਣੀ ਫਿਲਮ ਦੇ ਗੀਤ-ਸੰਗੀਤ ਵੱਲ ਵਿਸ਼ੇਸ਼ ਤਵੱਜੋ ਦਿੰਦਾ ਸੀ ਜਿਸ ਕਰਕੇ ਉਸ ਦੀਆਂ ਤਕਰੀਬਨ ਸਾਰੀਆਂ ਹੀ ਫਿਲਮਾਂ ਦੇ ਗੀਤ ਸੁਪਰਹਿੱਟ ਰਹਿੰਦੇ ਸਨ। "ਕਜਰਾ ਮੁਹੱਬਤ ਵਾਲਾ ਅੱਖੀਓਂ ਮੇਂ ਐਸਾ ਡਾਲਾ', 'ਹਮ ਪ੍ਰੇਮੀ ਪ੍ਰੇਮ ਕਰਨਾ ਜਾਨੇਂ', 'ਆਪਸ ਮੇਂ ਪ੍ਰੇਮ ਕਰੋ ਦੇਸ਼ ਪ੍ਰੇਮੀਓ', 'ਪਰਦਾ ਹੈ ਪਰਦਾ', 'ਸਾਜਨ ਮੇਰਾ ਉਸ ਪਾਰ ਹੈ ਮਿਲਨੇ ਕੋ ਦਿਲ ਬੇਕਰਾਰ ਹੈ', 'ਓ ਮੇਰੀ ਮਹਿਬੂਬਾ ਤੁਝੇ ਜਾਨਾ ਹੈ ਤੋ ਜਾ', 'ਸਾਤ ਅਜੂਬੇ ਇਸ ਦੁਨੀਆ ਮੇਂ ਆਠਵੀਂ ਅਪਨੀ ਜੋੜੀ' ਆਦਿ ਜਿਹੇ ਦਰਜਨਾਂ ਹੀ ਸੁਰੀਲੇ ਤੇ ਸੁਪਰਹਿੱਟ ਨਗ਼ਮੇ ਮਨਮੋਹਨ ਦੇਸਾਈ ਦੀਆਂ ਫਿਲਮਾਂ ਦਾ ਸ਼ਿੰਗਾਰ ਸਨ। ਫਿਲਮ 'ਅਮਰ ਅਕਬਰ ਐਂਥਨੀ' ਲਈ ਗਾਇਆ ਗਿਆ ਇੱਕ ਗੀਤ ਬੌਲੀਵੁੱਡ ਦਾ ਉਹ ਗੀਤ ਹੈ ਜੋ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਕਿਸ਼ੋਰ ਕੁਮਾਰ ਅਤੇ ਮੁਕੇਸ਼ ਜਿਹੇ ਦਿੱਗਜ ਗਾਇਕਾਂ ਵੱਲੋਂ ਇਕੱਠਿਆਂ ਗਾਇਆ ਗਿਆ, ਆਖ਼ਰੀ ਗੀਤ ਹੈ। ਬੜੀ ਹੀ ਖ਼ੂਬਸੂਰਤੀ ਅਤੇ ਸਮਝਦਾਰੀ ਨਾਲ ਮਨਮੋਹਨ ਦੇਸਾਈ ਨੇ ਆਪਣੀ ਸੁਪਰਹਿੱਟ ਫਿਲਮ 'ਧਰਮਵੀਰ' ਲਈ ਦਿੱਤੀ ਗਈ ਇੱਕ ਵੱਡੀ ਪਾਰਟੀ ਦਾ ਦ੍ਰਿਸ਼ ਆਪਣੀ ਅਗਲੀ ਫਿਲਮ 'ਨਸੀਬ' ਲਈ ਫਿਲਮਾ ਲਿਆ ਸੀ ਤੇ ਇਸ ਦ੍ਰਿਸ਼ ਵਿੱਚ ਬੌਲੀਵੁੱਡ ਦੇ ਸਭ ਤੋਂ ਮਸ਼ਹੂਰ ਸਿਤਾਰੇ ਇੱਕ ਹੀ ਥਾਂ 'ਤੇ ਇਕੱਤਰ ਹੋਏ ਵੇਖੇ ਜਾ ਸਕਦੇ ਹਨ। ਮਨਮੋਹਨ ਦੇਸਾਈ ਸਚਮੁੱਚ ਹੀ ਅਜਿਹੇ ਅਣਹੋਣੇ ਕਾਰਨਾਮੇ ਕਰ ਜਾਣ ਵਾਲਾ ਫਿਲਮਸਾਜ਼ ਸੀ। ਆਪਣੀ ਉਮਰ ਦੇ ਪਿਛਲੇ ਵਰ੍ਹਿਆਂ ਵਿੱਚ ਆ ਕੇ ਉਸ ਨੇ 1989 ਵਿੱਚ ਅਮਿਤਾਭ ਬੱਚਨ ਨੂੰ ਬਤੌਰ ਹੀਰੋ ਲੈ ਕੇ ਫਿਲਮ 'ਤੂਫ਼ਾਨ' ਅਤੇ 1990 ਵਿੱਚ 'ਅਨਮੋਲ' ਦਾ ਨਿਰਮਾਣ ਕੀਤਾ ਸੀ ਜੋ ਕਿ ਔਸਤ ਸਫਲਤਾ ਹੀ ਹਾਸਲ ਕਰ ਪਾਈਆਂ ਸਨ। ਅਖ਼ੀਰ 1 ਮਾਰਚ, 1994 ਨੂੰ ਇਹ ਮਹਾਨ ਫਿਲਮਸਾਜ਼ ਸਦਾ ਲਈ ਤੁਰ ਗਿਆ। ਆਪਣੀਆਂ ਫ਼ਿਲਮਾਂ ਦੇ ਜਾਨਦਾਰ ਸੰਗੀਤ, ਸ਼ਾਨਦਾਰ ਨਿਰਦੇਸ਼ਨ, ਦਿਲਚਸਪ ਕਹਾਣੀ-ਪਟਕਥਾ ਅਤੇ ਮਨਮੋਹਕ ਸੰਵਾਦਾਂ ਲਈ ਉਸ ਨੂੰ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।



# ਆਸਕਰ 'ਚ 'ਓਪਨਹਾਈਮਰ' ਦੀ ਧਮਾਲ





ਲਾਸ ਏਂਜਲਸ-ਇੱਥੇ 96ਵੇਂ ਅਕੈਡਮੀ ਐਵਾਰਡਜ਼ ਵਿੱਚ ਸਭ ਤੋਂ ਵਧੀਆ ਫ਼ਿਲਮ ਦਾ ਖ਼ਿਤਾਬ 'ਓਪਨਹਾਈਮਰ' ਨੂੰ ਮਿਲਿਆ ਹੈ। ਕ੍ਰਿਸਟੋਫਰ ਨੋਲਨ ਨੇ ਇਸ ਫਿਲਮ ਲਈ ਸਰਵੋਤਮ ਨਿਰਦੇਸ਼ਕ ਦਾ ਪੁਰਸਕਾਰ ਜਿੱਤਿਆ ਹੈ। ਫ਼ਿਲਮ 'ਓਪਨਹਾਈਮਰ' ਨੇ ਸੱਤ ਵਰਗਾਂ ਵਿੱਚ ਪੁਰਸਕਾਰ ਜਿੱਤੇ ਹਨ। ਰੌਬਰਟ ਡਾਊਨੀ ਜੂਨੀਅਰ ਨੇ ਓਪਨਹਾਈਮਰ 'ਚ ਸਰਵੋਤਮ ਸਹਾਇਕ ਅਦਾਕਾਰ ਦਾ ਪੁਰਸਕਾਰ ਜਿੱਤਿਆ। ਭਾਰਤ ਵਿੱਚ ਝਾਰਖੰਡ ਦੇ ਇੱਕ ਪਿੰਡ ਦੀ ਘਟਨਾ 'ਤੇ ਆਧਾਰਿਤ ਦਸਤਾਵੇਜ਼ੀ ਫੀਚਰ ਫ਼ਿਲਮ 'ਟੂ ਕਿੱਲ ਏ ਟਾਈਗਰ' ਆਸਕਰ ਐਵਾਰਡ ਦੇ ਨੇੜੇ ਪਹੁੰਚਣ ਮਗਰੋਂ ਪੁਰਸਕਾਰ ਦੀ ਦੌੜ ਵਿੱਚੋਂ ਬਾਹਰ ਹੋ ਗਈ। ਇਸ ਸ਼੍ਰੇਣੀ ਵਿੱਚ '20 ਡੇਜ਼ ਇਨ ਮਾਰਿਊਪੋਲ' ਨੇ ਖਿਤਾਬ ਆਪਣੇ ਨਾਮ ਕੀਤਾ। ਕ੍ਰਿਸਟੋਫਰ ਨੋਲਨ ਦੀ ਬਲਾਕਬਸਟਰ ਬਾਇਓਪਿਕ ਫਿਲਮ 'ਓਪਨਹਾਈਮਰ' ਵਿੱਚ ਪਰਮਾਣੂ ਬੰਬ ਬਣਾਉਣ ਵਾਲੇ ਵਿਅਕਤੀ ਦਾ ਕਿਰਦਾਰ ਨਿਭਾਉਣ ਲਈ ਸਿਲੀਅਨ ਮਰਫੀ ਨੂੰ ਆਪਣਾ ਪਹਿਲਾ ਆਸਕਰ ਪੁਰਸਕਾਰ ਮਿਲਿਆ ਹੈ। ਉਸ ਨੇ ਜੇ. ਰੌਬਰਟ ਓਪਨਹਾਈਮਰ ਵਜੋਂ ਆਪਣੀ ਸ਼ਾਨਦਾਰ ਅਦਾਕਾਰੀ ਲਈ ਸਰਵੋਤਮ ਅਦਾਕਾਰ ਦਾ ਪੁਰਸਕਾਰ ਹਾਸਲ ਕੀਤਾ ਹੈ। ਫ਼ਿਲਮ ਦੀ ਕਹਾਣੀ ਦੱਸਦੀ ਹੈ ਕਿ ਕਿਵੇਂ ਲਾਸ ਅਲਾਮੋਸ ਵਿੱਚ ਓਪਨਹਾਈਮਰ ਅਤੇ ਉਸ ਦੇ ਸਾਥੀਆਂ ਨੇ 16 ਜੁਲਾਈ 1945 ਨੂੰ ਪਰਮਾਣੂ ਬੰਬ ਦਾ ਪਰੀਖਣ ਕੀਤਾ। ਸਰਵੋਤਮ ਅਦਾਕਾਰਾ ਦਾ ਆਸਕਰ ਪੁਰਸਕਾਰ ਐਮਾ ਸਟੋਨ (35) ਨੂੰ ਮਿਲਿਆ। ਉਸ ਨੂੰ ਫ਼ਿਲਮ 'ਪੂਅਰ ਥਿੰਗਸ' ਵਿੱਚ ਨਿਭਾਈ ਭੂਮਿਕਾ ਨਿਭਾਉਣ ਬਦਲੇ ਇਹ ਐਵਾਰਡ ਮਿਲਿਆ। ਇਹ ਉਸ ਦਾ ਦੂਜਾ ਆਸਕਰ ਪੁਰਸਕਾਰ ਹੈ। ਉਸ ਨੂੰ 2019 ਵਿੱਚ 'ਲਾ ਲਾ ਲੈਂਡ' ਲਈ ਵੀ ਆਸਕਰ ਮਿਲਿਆ ਸੀ। ਪੁਰਸਕਾਰ ਸਮਾਰੋਹ ਦੀ ਮੇਜ਼ਬਾਨੀ ਜਿੰਮੀ ਕਿਮੇਲ ਨੇ ਕੀਤੀ। ਇਸ ਦੌਰਾਨ 'ਬਾਰਬੀ' ਫ਼ਿਲਮ ਨੇ ਸਿਨੇਮੈਟੋਗ੍ਰਾਫੀ ਅਤੇ ਐਡਿਟਿੰਗ ਦਾ ਪੁਰਸਕਾਰ ਜਿੱਤਿਆ। ਯੂਕਰੇਨੀ ਫ਼ਿਲਮ ਨਿਰਮਾਤਾ ਮਿਸਤੀਸਲਾਵ ਚੇਨਾਰਵ ਦੀ '20 ਡੇਜ਼ ਇਨ ਮਾਰਿਊਪੋਲ' 2022 ਵਿੱਚ ਯੂਕਰੇਨ 'ਤੇ ਰੂਸ ਦੇ ਹਮਲੇ ਦੇ ਸ਼ੁਰੂਆਤੀ ਦਿਨਾਂ ਵਿੱਚ ਇੱਕ ਵਿਅਕਤੀ ਵੱਲੋਂ ਅੱਖੀਂ ਦੇਖੀ ਘਟਨਾ 'ਤੇ ਆਧਾਰਿਤ ਹੈ। ਫ਼ਿਲਮ 'ਦਿ ਜ਼ੋਨ ਆਫ ਇੰਟਰੱਸਟ' ਨੇ ਵੀ ਸਰਵੋਤਮ ਅੰਤਰਰਾਸ਼ਟਰੀ ਫ਼ਿਲਮ ਦਾ ਆਸਕਰ ਪੁਰਸਕਾਰ ਜਿੱਤਿਆ ਹੈ।



## ਆਰਆਰਆਰ' ਦੇ ਦ੍ਰਿਸ਼ ਦਿਖਾਏ

ਨਵੀਂ ਦਿੱਲੀ: ਕੌਮਾਂਤਰੀ ਸਿਨੇਮਾ ਵਿੱਚ ਸਟੰਟ ਵਰਗ ਦੇ ਯੋਗਦਾਨ ਦਾ ਜਸ਼ਨ ਮਨਾਉਣ ਲਈ 96ਵੇਂ ਅਕੈਡਮੀ ਐਵਾਰਡ ਐੱਸਐੱਸ ਰਾਜਾਮੌਲੀ ਦੀ 'ਆਰਆਰਆਰ' ਫ਼ਿਲਮ ਦਾ ਇੱਕ ਐਕਸ਼ਨ ਆਧਾਰਿਤ ਦ੍ਰਿਸ਼ ਦਿਖਾਇਆ ਗਿਆ। ਆਰਆਰਆਰ ਦੇ ਸੋਸ਼ਲ ਮੀਡੀਆ ਮੰਚ 'ਐਕਸ' ਨੇ ਸੋਮਵਾਰ ਨੂੰ ਇਸ ਸਾਲ ਦੇ ਪੁਰਸਕਾਰਾਂ ਵਿੱਚ ਫ਼ਿਲਮ ਨੂੰ ਸ਼ਾਮਿਲ ਕਰਨ ਲਈ ਅਕੈਡਮੀ ਆਫ ਮੋਸ਼ਨ ਪਿਕਚਰਜ਼ ਆਰਟਸ ਐਂਡ ਸਾਇੰਸਿਜ਼ ਦਾ ਧੰਨਵਾਦ ਕੀਤਾ। ਇਸ ਦੌਰਾਨ ਆਰਆਰਆਰ ਫ਼ਿਲਮ ਦਾ ਗੀਤ 'ਨਾਟੂ-ਨਾਟੂ' ਵੀ ਦਿਖਾਇਆ ਗਿਆ।




ਬੀ.ਸੀ. ਵਿੱਚ ਆਪਣਾ ਕਰੀਅਰ ਸ਼ੁਰੂ ਕਰਨ ਲਈ ਨੌਕਰੀਆਂ, ਸਹਾਇਤਾ, ਹੁਨਰ ਸਿਖਲਾਈ ਅਤੇ ਹੋਰ ਸੁਵਿਧਾਵਾਂ ਲੱਭੋ।

WorkBC.ca/FindAnswers ਜਾਂ ਆਪਣੇ ਨਜ਼ਦੀਕੀ WorkBC ਕੇਂਦਰ 'ਤੇ ਜਾਓ।

Canada | British Columbia | WorkBC

ਇਹ ਪ੍ਰੋਗਰਾਮ ਕੈਨੇਡਾ ਦੀ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਦੁਆਰਾ ਫੰਡ ਕੀਤਾ ਗਿਆ ਹੈ।

# ਨਿਮਰਤ ਕੌਰ ਨੇ ਗੁਲਮਰਗ 'ਚ ਮਨਾਇਆ ਜਨਮ ਦਿਨ



ਮੁੰਬਈ: ਬੌਲੀਵੁੱਡ ਅਦਾਕਾਰਾ ਨਿਮਰਤ ਕੌਰ ਨੇ ਅੱਜ ਕਸ਼ਮੀਰ ਦੇ ਗੁਲਮਰਗ ਵਿੱਚ ਆਪਣਾ 42ਵਾਂ ਜਨਮ ਦਿਨ ਮਨਾਇਆ। ਉਸ ਨੇ ਬਰਫ਼ ਨਾਲ ਲੱਦੀਆਂ ਪਹਾੜੀਆਂ 'ਤੇ ਮੌਜ ਮਸਤੀ ਕਰਨ (ਸਕੀਇੰਗ) ਦੀਆਂ ਵੀਡੀਓਜ਼ ਸਾਂਝੀਆਂ ਕੀਤੀਆਂ ਹਨ। ਹਾਲ ਹੀ ਵਿੱਚ 'ਸਜਨੀ ਸ਼ਿੰਦੇ ਕਾ ਵਾਇਰਲ ਵੀਡੀਓ' ਵਿੱਚ ਨਜ਼ਰ ਆਈ ਅਦਾਕਾਰਾ ਇਸ ਵੇਲੇ ਧਰਤੀ ਦੀ ਜੰਨਤ ਗੁਲਮਰਗ ਵਿੱਚ ਛੁੱਟੀਆਂ ਮਨਾ ਰਹੀ ਹੈ। ਅਦਾਕਾਰਾ ਨੇ ਅੱਜ ਇੰਸਟਾਗ੍ਰਾਮ 'ਤੇ ਆਪਣੇ 'ਸਕੀਇੰਗ' ਦੇ ਪਹਿਲੇ ਤਜਰਬੇ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਂਝੀਆਂ ਕੀਤੀਆਂ ਹਨ। ਵੀਡੀਓ ਵਿੱਚ ਨਿਮਰਤ ਨੇ ਸਫੇਦ ਸਵੈਟਰ ਅਤੇ ਲੰਮੀ ਜੈਕੇਟ ਪਾਈ ਹੋਈ ਹੈ। ਉਹ 'ਆਈਸ ਸਕੇਟ' ਪਾ ਕੇ ਜੇਤੂ ਚਿੰਨ੍ਹ ਬਣਾਉਂਦੀ ਨਜ਼ਰ ਆ ਰਹੀ ਹੈ ਹਾਲਾਂਕਿ ਪਹਿਲਾਂ-ਪਹਿਲਾਂ ਉਹ ਘਬਰਾਈ ਹੋਈ ਦਿਖੀ ਪਰ ਬਾਅਦ ਵਿੱਚ ਉਹ ਖੁਸ਼ ਨਜ਼ਰ ਆਈ। ਇੱਕ ਹੋਰ ਵੀਡੀਓ ਵਿੱਚ ਨਿਮਰਤ ਇੱਕ ਖੁੱਲੀ ਜੀਪ ਵਿੱਚ ਬੈਠੀ ਗੁਲਮਰਗ 'ਚ ਬਰਫ਼ ਨਾਲ ਲੱਦੇ ਪਹਾੜਾਂ ਦਾ ਆਨੰਦ ਲੈਂਦੀ ਦਿਖਾਈ ਦੇ ਰਹੀ ਹੈ। ਇਸ ਬਾਰੇ ਉਸ ਨੇ ਕਿਹਾ, "ਪਹਿਲੀ ਵਾਰ ਸਕੀਇੰਗ ਕੀਤੀ। ਜਵਾਨ ਹੋ ਰਹੇ ਬੱਚਿਆਂ ਨੂੰ ਇੱਕ ਵਾਰ ਇਹ ਤਜਰਬਾ ਹਾਸਲ ਕਰਨ ਦਾ ਸੁਝਾਅ ਦਿੰਦੀ ਹਾਂ। ਰੱਬ ਦੀ ਬਖਸ਼ੀ ਥਾਂ 'ਤੇ ਸ਼ਾਨਦਾਰ ਸਮਾਂ ਲੰਘਿਆ।" ਜ਼ਿਕਰਯੋਗ ਹੈ ਕਿ ਹਾਲ ਦੀ ਘੜੀ ਉਹ ਫਿਲਮ 'ਸੈਕਸ਼ਨ 84' 'ਤੇ ਕੰਮ ਕਰ ਰਹੀ ਹੈ।



# ਕਾਰਤਿਕ ਆਰੀਅਨ ਵੱਲੋਂ 'ਭੂਲ ਭੁਲੱਈਆ-3' ਦੀ ਸ਼ੂਟਿੰਗ ਦੀ ਝਲਕ ਜਾਰੀ

ਮੁੰਬਈ: ਫਿਲਮ ਅਦਾਕਾਰ ਕਾਰਤਿਕ ਆਰੀਅਨ ਨੇ ਆਪਣੀ ਆਉਣ ਵਾਲੀ ਡਰਾਉਣੀ ਤੇ ਕਾਮੇਡੀ ਫਿਲਮ 'ਭੂਲ ਭੁਲੱਈਆ 3' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਉਸ ਨੇ ਇੰਸਟਾਗ੍ਰਾਮ 'ਤੇ ਫਿਲਮ ਦੀ ਪਹਿਲੇ ਦਿਨ ਦੀ ਸ਼ੂਟਿੰਗ ਦੀ ਝਲਕ ਸਾਂਝੀ ਕੀਤੀ ਹੈ। ਉਸ ਨੇ ਇਸ ਦੀ ਕੈਪਸ਼ਨ ਵਿਚ ਲਿਖਿਆ, 'ਅਸੀਂ ਇੱਥੇ ਜਾ ਰਹੇ ਹਾਂ' ਇਸ ਫੋਟੋ ਵਿਚ ਕਾਰਤਿਕ ਨੇ ਭੂਲ ਭੁਲੱਈਆ 2 ਦਾ ਗੀਤ ਵੀ ਲਾਇਆ ਹੈ। 'ਭੂਲ ਭੁਲੱਈਆ 3' ਦਾ ਨਿਰਦੇਸ਼ਨ ਅਨੀਸ ਬਜ਼ਮੀ ਕਰ ਰਹੇ ਹਨ ਤੇ ਇਸ ਵਿਚ ਵਿੱਦਿਆ ਬਾਲਨ ਅਤੇ ਤ੍ਰਿਪਤੀ ਡਿਮਰੀ ਮੁੱਖ ਭੂਮਿਕਾਵਾਂ ਨਿਭਾਅ ਰਹੀਆਂ ਹਨ। ਇਹ ਫਿਲਮ ਇਸ ਸਾਲ ਦੀਵਾਲੀ ਮੌਕੇ ਰਿਲੀਜ਼ ਹੋਵੇਗੀ। ਫਿਲਮ ਦੇ ਦੂਜੇ ਭਾਗ ਦਾ ਨਿਰਦੇਸ਼ਨ ਵੀ ਅਨੀਸ ਬਜ਼ਮੀ ਨੇ ਕੀਤਾ ਸੀ ਜਦਕਿ ਪਹਿਲੇ ਭਾਗ ਦਾ ਨਿਰਦੇਸ਼ਨ ਪ੍ਰਿਆਦਰਸ਼ਨ ਨੇ ਕੀਤਾ ਸੀ ਜਿਸ ਵਿਚ ਵਿੱਦਿਆ ਬਾਲਨ ਨਾਲ ਅਕਸ਼ੈ ਕੁਮਾਰ ਮੁੱਖ ਕਿਰਦਾਰਾਂ ਵਿਚ ਸਨ। ਦੂਜੇ ਭਾਗ ਵਿੱਚ ਕਾਰਤਿਕ ਨੇ ਤੱਬੂ ਅਤੇ ਕਿਆਰਾ ਅਡਵਾਨੀ ਨਾਲ ਫਿਲਮ ਵਿਚ ਕੰਮ ਕੀਤਾ। ਇਸ ਫਿਲਮ ਦੇ ਨਿਰਮਾਤਾ ਭੂਸ਼ਣ ਕੁਮਾਰ ਨੇ ਕਿਹਾ, 'ਭੂਲ ਭੁਲੱਈਆ' ਫ੍ਰੈਂਚਾਇਜ਼ੀ ਸਾਡੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ ਅਤੇ ਮੈਂ ਇਸ ਨੂੰ ਅਨੀਸ ਵਰਗੇ ਰਚਨਾਤਮਕ ਦਿਮਾਗ ਤੇ ਕਾਰਤਿਕ ਵਰਗੀ ਸ਼ਾਨਦਾਰ ਪ੍ਰਤਿਭਾ ਨਾਲ ਅੱਗੇ ਲਿਜਾਣ 'ਤੇ ਬਹੁਤ ਖੁਸ਼ ਹਾਂ।'

# ਚੰਡੀਗੜ੍ਹ 'ਚ ਪਹਿਲਾ ਕੌਮਾਂਤਰੀ ਫਿਲਮ ਫੈਸਟੀਵਲ 27 ਤੋਂ

ਚੰਡੀਗੜ੍ਹ: ਚੰਡੀਗੜ੍ਹ ਵਿਚ ਪਹਿਲਾ ਸਿਨੇਵੈਸਟਰ ਇੰਟਰਨੈਸ਼ਨਲ ਫਿਲਮ ਫੈਸਟੀਵਲ (ਸੀਆਈਐੱਫਐੱਫ) 27 ਤੋਂ 31 ਮਾਰਚ ਤੱਕ ਹੋਵੇਗਾ। ਇਸ ਫੈਸਟੀਵਲ ਵਿਚ ਭਾਰਤੀ ਫੀਚਰ ਫਿਲਮਾਂ, ਕਲਾਸਿਕ ਤੇ ਲਘੂ ਫਿਲਮਾਂ ਦਿਖਾਈਆਂ ਜਾਣਗੀਆਂ। ਫੈਸਟੀਵਲ ਦੀ ਸ਼ੁਰੂਆਤ ਜੂਲੀਅਟ ਬਿਨੋਚੇ ਦੇ ਫਰੈਂਚ ਡਰਾਮਾ 'ਦਿ ਟੇਸਟ ਆਫ ਥਿੰਗਜ਼' ਨਾਲ ਹੋਵੇਗੀ। ਦੱਸਣਾ ਬਣਦਾ ਹੈ ਕਿ ਇਸ ਫਿਲਮ ਦੇ ਨਿਰਦੇਸ਼ਕ ਟਰੈਨ ਐਨ ਹੰਗ ਨੇ ਕਾਨ ਵਿੱਚ ਸਰਵੋਤਮ ਨਿਰਦੇਸ਼ਕ ਦਾ ਖਿਤਾਬ ਜਿੱਤਿਆ ਸੀ। ਫੈਸਟੀਵਲ ਦੀ ਸਮਾਪਤੀ 2024 ਦੀ ਦੱਖਣੀ ਕੋਰੀਆ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਡਰਾਉਣੀ ਡਰਾਮਾ ਫਿਲਮ 'ਐਗਜ਼ੂਮਾ' (ਪਾਮਯੋ) ਨਾਲ ਹੋਵੇਗੀ। ਫੈਸਟੀਵਲ ਦੀਆਂ ਸ਼ੁਰੂਆਤੀ ਅਤੇ ਸਮਾਪਤੀ ਫਿਲਮਾਂ ਗੌਰਮਿੰਟ ਮਿਊਜ਼ੀਅਮ ਐਂਡ ਆਰਟ ਗੈਲਰੀ ਸੈਕਟਰ 10 ਦੇ ਓਪਨ ਏਅਰ ਥੀਏਟਰ ਵਿਚ ਦਿਖਾਈਆਂ ਜਾਣਗੀਆਂ।


Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Our Symbol of Care & Service

Superior Mortgage
Unit 244-8138-128 Street, Surrey
604 507 1000

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# TRANSource FREIGHTWAYS



ਕੰਮ ਲਈ Drivers and Owner Operators ਚਾਹੀਦੇ ਹਨ।

ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




Fuel and Insurance Paid by Company
**NO DEDUCTIONS!!**

ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

Email:safety@transourcefreightways.com


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.49 bag
EXTRA SUPER SUPER SPECIAL
Roma Tomatoes
ਰੋਮਾ ਟਮਾਟਰ
99¢ lb
Roasted Peanuts in Shell
ਭੁੱਜੀ ਮੂੰਗਫਲੀ
$1.88 lb
SUPER SPECIAL
Almonds #1 Large Size
ਵੱਡੇ ਬਦਾਮ
$3.98 lb
SUPER SPECIAL
Fresh Ginger
ਤਾਜ਼ਾ ਅਦਰਕ
$1.48 lb
SUPER SPECIAL
Spinach
ਪਾਲਕ
$1.29 bunch
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Yellow Onions 50 lbs
ਪੀਲੇ ਗੰਢੇ
$24.98 bag
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.79 bunch
SUPER SPECIAL
Cilantro
ਧਣੀਆ
2 bunches for $1.49
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
98¢ ea.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag
Chickpeas
ਚਿੱਟੇ ਛੋਲੇ
98¢ lb
Pink Lady Apples
ਗੁਲਾਬੀ ਲੇਡੀ ਸੇਬ
99¢ lb
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Indian Eggplants
ਦੇਸੀ ਬਤਾਊਂ
$1.49 lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Swarna Chakki Atta 20 lbs
ਸਵਰਨਾ ਚੱਕੀ ਅੱਟਾ
$13.98 bag
Long Eggplants
ਲੰਬੇ ਬਤਾਊਂ
$1.49 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Sher Besan 4 lbs
ਸ਼ੇਰ ਵੇਸਣ
$3.98 bag
Zucchini Squash
ਜ਼ੁਕੀਨੀ ਸਕੁਐਸ਼
78¢ lb
Daikon (Moli)
ਮੂਲੀ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Gala Apples US #1
ਗਾਲਾ ਸੇਬ ਯੂ.ਐਸ. #੧
$1.29 lb
Walnuts in Shell
ਸਾਬਤ ਅਖਰੋਟ
$2.98 lb
Fri Mar 15, 2024 - Wed Mar 20, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520